Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 17 * Issue 236
Daily Newspaper Friday, December 07, 2018
Tel: 905-793-2202 Fax: 905-793-2282 news@punjabipost.ca

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

## ਹੈਂਡਗੰਨਜ਼ ਤੇ ਅਸਾਲਟ ਹਥਿਆਰਾਂ ਤੱਕ ਪਹੁੰਚ ਨੂੰ ਸੀਮਤ ਕਰੇਗੀ ਸਰਕਾਰ : ਟਰੂਡੋ

ਮਾਂਟਰੀਅਲ, 6 ਦਸੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਦੇਸ਼ ਵਿੱਚ ਗੰਨ ਵਾਇਲੰਸ ਨੂੰ ਖ਼ਤਮ ਕਰਨ ਲਈ ਸਰਕਾਰ ਹੈਂਡਗੰਨਜ਼ ਤੇ ਹਮਲਾ ਕਰਨ ਲਈ ਵਰਤੇ ਜਾਣ ਵਾਲੇ ਹਥਿਆਰਾਂ ਤੱਕ ਪਹੁੰਚ ਨੂੰ ਸੀਮਤ ਕਰਨ ਦੀ ਯੋਜਨਾ ਬਣਾ ਰਹੀ ਹੈ।



1989 ਵਿੱਚ ਇਕੋਲ ਪੌਲੀਟੈਕਨਿਕ ਕਤਲੇਆਮ ਦੀ ਬਰਸੀ ਉੱਤੇ ਮਾਂਟਰੀਅਲ ਦੇ ਰੇਡੀਓ ਸਟੇਸ਼ਨ 98.5 ਐਫਐਮ ਉੱਤੇ ਗੱਲ ਕਰਦਿਆਂ ਟਰੂਡੋ ਨੇ ਹੋਸਟ ਦੇ ਪੁੱਛੇ ਜਾਣ ਉੱਤੇ ਇਨ੍ਹਾਂ ਹਥਿਆਰਾਂ ਉੱਤੇ ਮੁਕੰਮਲ ਪਾਬੰਦੀ ਤੋਂ ਵੀ ਇਨਕਾਰ ਨਹੀਂ ਕੀਤਾ। ਟਰੂਡੋ ਨੇ ਆਖਿਆ ਕਿ ਇਸ ਤਰ੍ਹਾਂ ਦੇ ਕਤਲੇਆਮ ਤੇ ਘਟਨਾਵਾਂ ਸਵੀਕਾਰਨਯੋਗ ਨਹੀਂ ਹਨ ਇਸ ਲਈ ਸਰਕਾਰ ਅਜਿਹੇ ਹਾਲਾਤ ਨਾਲ ਨਜਿੱਠਣ ਲਈ ਵੱਖਰਾ ਰਾਹ ਲੱਭ ਰਹੀ ਹੈ। ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਅਸਲ ਟੀਚਾ ਮੁਜਰਮਾਂ ਦੀ ਹੈਂਡਗੰਨਜ਼ ਤੇ ਅਜਿਹੇ ਅਸਾਲਟ ਹਥਿਆਰਾਂ ਤੱਕ ਸਹਿਜ ਪਹੁੰਚ ਨੂੰ ਸੀਮਤ ਕਰਨਾ ਹੈ। ...ਬਾਕੀ ਪੰਨਾ 6 'ਤੇ

## ਮਨਜੀਤ ਸਿੰਘ ਜੀ ਕੇ ਦਾ ਦਿੱਲੀ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ

*** ਸਿਰਸਾ ਸਮੇਤ ਸਾਰੇ ਕਾਰਜਕਾਰਨੀ ਮੈਂਬਰਾਂ ਨੇ ਸੁਖਬੀਰ ਨੂੰ ਅਸਤੀਫੇ ਭੇਜੇ**

ਨਵੀਂ ਦਿੱਲੀ, 6 ਦਸੰਬਰ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਆਪਣੇ ਉੱਤੇ ਲਗਾਤਾਰ ਲਾਏ ਜਾ ਰਹੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਅੱਜ ਵੀਰਵਾਰ ਨੂੰ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਦੇ ਨਾਲ ਉਨ੍ਹਾਂ ਨੇ ਕਾਰਜਕਾਰਨੀ ਕਮੇਟੀ ਦੀਆਂ ਚੋਣਾਂ ਕਰੀਬ ਤਿੰਨ ਮਹੀਨੇ ਪਹਿਲਾਂ ਕਰਾਉਣ ਦਾ ਐਲਾਨ ਵੀ ਕਰ ਦਿੱਤਾ ਹੈ। ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਸਣੇ ਬਾਦਲ ਧੜੇ ਦੇ 14 ਮੈਂਬਰਾਂ ਨੇ ਵੀ ਆਪੋ ਆਪਣੇ ਅਸਤੀਫ਼ੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭੇਜ ਦਿੱਤੇ ਹਨ।

ਅਚਾਨਕ ਵਾਪਰੇ ਇਸ ਘਟਨਾਕ੍ਰਮ ਦਾ ਮੁੱਢ ਉਸ ਸਮੇਂ ਬੱਝਾ, ਜਦੋਂ ਸੁਖਬੀਰ ਸਿੰਘ ਬਾਦਲ ਦੇ ਕਹੇ ਉੱਤੇ ਕਮੇਟੀ ਦੇ ਜਨਰਲ ਸੈਕਟਰੀ ਮਨਜਿੰਦਰ ਸਿੰਘ ਸਿਰਸਾ ਨੇ ਕਾਰਜਕਾਰਨੀ ਦੀ ਬੈਠਕ ਸੱਦੀ ਸੀ। ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਕਾਨਫਰੰਸ ਹਾਲ ਵਿਖੇ ਹੋਈ ਇਸ ਬੈਠਕ ਦੌਰਾਨ ਮੈਂਬਰਾਂ ਵਿਚਾਲੇ ਤਿੱਖੀ ਬਹਿਸ ਹੁੰਦੀ ਰਹੀ। ਬਾਦਲ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ



ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਉਹ ਆਪਣੇ ਉੱਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤੋਂ ਮੁਕਤ ਹੋਣ ਤਕ ਗੁਰਦੁਆਰਾ ਕਮੇਟੀ ਦਾ ਕੋਈ ਅਹੁਦਾ ਨਹੀਂ ਲੈਣਗੇ। ...ਬਾਕੀ ਪੰਨਾ 6 'ਤੇ

## ਕਾਊਂਸਲਰ ਢਿੱਲੋਂ ਵੱਲੋਂ ਐਲਆਰਟੀ ਨੂੰ ਡਾਊਨਟਾਊਨ ਬਰੈਂਪਟਨ ਤੱਕ ਲਿਆਉਣ ਲਈ ਮਤਾ ਪੇਸ਼

ਬਰੈਂਪਟਨ, 6 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਦੇ ਇਤਿਹਾਸ ਵਿੱਚ ਹੁਰੌਨਟਾਰੀਓ ਲਾਈਟ ਰੇਲ ਪ੍ਰੋਜੈਕਟ ਵੱਡੀ ਬਹਿਸ ਦਾ ਮੁੱਦਾ ਰਿਹਾ ਹੈ ਤੇ ਇਹ ਮੁੱਦਾ ਇੱਕ ਵਾਰੀ ਫਿਰ ਚਰਚਾ ਵਿੱਚ ਹੈ।

ਕਾਉਂਸਲਰ ਗੁਰਪ੍ਰੀਤ ਢਿੱਲੋਂ ਨੇ ਅੱਜ ਇੱਕ ਮਤਾ ਪੇਸ਼ ਕਰਕੇ ਸਟੀਲਜ਼ ਐਵਨਿਊ ਉੱਤੇ ਐਲਆਰਟੀ ਨੂੰ ਰੋਕਣ ਦੇ ਕਾਉਂਸਲ ਦੇ ਪੁਰਾਣੇ ਮਤੇ ਨੂੰ ਪਲਟਾਉਣ ਦੀ ਮੰਗ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਐਲਆਰਟੀ ਨੂੰ ਡਾਊਨਟਾਊਨ ਬਰੈਂਪਟਨ ਤੱਕ ਲਿਆਉਣ ਦੀ ਇੱਛਾ ਵੀ ਪ੍ਰਗਟਾਈ। ਜ਼ਿਕਰਯੋਗ ਹੈ ਕਿ 2015 ਵਿੱਚ ਕਾਉਂਸਲ ਨੇ ਵਿਵਾਦਗ੍ਰਸਤ ਫੈਸਲਾ ਲੈਂਦਿਆਂ ਇਸ ਪ੍ਰੋਜੈਕਟ ਨੂੰ ਬਰੈਂਪਟਨ ਗੋ ਦੀ ਥਾਂ ਉੱਤੇ ਸਟੀਲਜ਼ ਐਵਨਿਊ ਉੱਤੇ ਹੀ ਰੋਕਣ ਦਾ ਐਲਾਨ ਕੀਤਾ ਸੀ। ਜਦਕਿ ਮੂਲ ਰੂਪ ਵਿੱਚ ਸਿਟੀ ਦੀ ਟਰਾਂਜ਼ਿਟ ਯੋਜਨਾ ਤਹਿਤ ਇਸ ਨੂੰ ਬਰੈਂਪਟਨ ਗੋ ਤੱਕ ਹੀ ਬਣਾਇਆ ਜਾਣਾ ਚਾਹੀਦਾ ਸੀ।



ਇਹ ਪ੍ਰੋਜੈਕਟ ਹੁਰੌਨਟਾਰੀਓ ਮੇਨ ਐਲਆਰਟੀ ਪ੍ਰੋਜੈਕਟ, ਜਿਸ ਲਈ ਪੋਰਟ ਕ੍ਰੈਡਿਟ ਤੋਂ ਬਰੈਂਪਟਨ ਗੋ ਤੱਕ ਲਾਈਟ ਰੇਲ ਦੇ ਨਿਰਮਾਣ ਲਈ ਪ੍ਰੋਵਿੰਸ ਵੱਲੋਂ 1.6 ਬਿਲੀਅਨ ਡਾਲਰ ਦਾ ਫੰਡ ਹਾਸਲ ਹੋਇਆ ਸੀ, ਦਾ ਹੀ ਹਿੱਸਾ ਸੀ। ਪਰ ਉਸ ਫੈਸਲੇ ਨੇ ਬਰੈਂਪਟਨ ਦੇ ਫੰਡ ਰੂਪੀ 400 ਮਿਲੀਅਨ ਹਿੱਸੇ ਨੂੰ ਜ਼ਬਤ ਕਰ ਲਿਆ। ਕਈ ਸਰਵੇਖਣਾਂ ਵਿੱਚ ਇਹ ਪਾਇਆ ਗਿਆ ਕਿ 70 ਫੀ ਸਦੀ ਸਥਾਨਕ ਵਾਸੀ ਇਸ ਪ੍ਰੋਜੈਕਟ ਦੇ ਹੱਕ ਵਿੱਚ ਸਨ। ਇਨ੍ਹਾਂ ਵਿੱਚੋਂ ਸੈਂਕੜੇ ਲੋਕਾਂ ਨੇ ਸਿਟੀ ਕਾਉਂਸਲ ਤੱਕ ਪਹੁੰਚ ਕਰਕੇ ਪ੍ਰੋਜੈਕਟ ਡਾਊਨਟਾਊਨ ਲਿਆਉਣ ਲਈ ਜ਼ੋਰ ਪਾਇਆ ਜਦਕਿ ਕੁੱਝ ਕੁ ਨੇ ਇਸ ਦਾ ਵਿਰੋਧ ਵੀ ਕੀਤਾ। ਅਖੀਰ ਵਿੱਚ ਕਾਉਂਸਲ ਨੇ ਇਸ ਪ੍ਰੋਜੈਕਟ ਨੂੰ ਖ਼ਤਮ ਕਰਨ ਦਾ ਫੈਸਲਾ ਕੀਤਾ।

ਹੁਣ ਢਿੱਲੋਂ ਵੱਲੋਂ ਮੇਨ ਸਟਰੀਟ ਰੂਟ ਲਈ ਗੱਲਬਾਤ ਮੁੜ ਸ਼ੁਰੂ ਕਰਨ ਲਈ ਮਤਾ ਪੇਸ਼ ਕੀਤਾ ਗਿਆ ਹੈ ਪਰ ਇਸ ਵਾਰੀ ਫਰਕ ਇਹ ਹੈ ਕਿ ਇਸ ਰੂਟ ਨੂੰ ਡਾਊਨਟਾਊਨ ਤੋਂ ਲਿਜਾਂਦੇ ਹੋਏ ਮੇਨ ਸਟਰੀਟ ਦੇ ਹੇਠੋਂ ਲੰਘਾਉਂਦਿਆਂ ਮੇਅਫੀਲਡ ਰੋਡ ਤੱਕ ਲਿਜਾਣ ਦਾ ਪ੍ਰਸਤਾਵ ਹੈ। ਪਿਛਲੇ ਕੁੱਝ ਸਾਲਾਂ ਤੋਂ ਬਰੈਂਪਟਨ ਦੇ ਸਾਹਮਣੇ ਬਾਹਰਵਾਰ ਸਥਿਤ ਆਪਣੇ ਕੁੱਝ ਇਲਾਕਿਆਂ ਨਾਲ ਟਰਾਂਜ਼ਿਟ ਨੂੰ ਜੋੜਨ ਵਿਚ ਦਿੱਕਤਾਂ ਵੀ ਆਉਂਦੀਆਂ ਰਹੀਆਂ ਹਨ। ਇਸ ਸਮੇਂ ਮੇਨ ਸਟਰੀਟ ਉੱਤੇ ਚੱਲਣ ਵਾਲੀ ਜ਼ੂਮ ਬੱਸ ਸੈਂਡਲਵੁੱਡ ਪਾਰਕਵੇਅ ਤੱਕ ਹੀ ਜਾਂਦੀ ਹੈ ਤੇ ਇਸ ਨਾਲ ਅਗਾਂਹ ਉੱਤਰ ਵੱਲ ਰਹਿਣ ਵਾਲੇ ਰਾਈਡਰਜ਼ ਨੂੰ ਕਾਫੀ ਦਿੱਕਤਾਂ ਆਉਂਦੀਆਂ ਹਨ। ਮੇਅਫੀਲਡ ਰੋਡ ਤੱਕ ਲਾਈਟ ਰੇਲ ਲਾਈਨ ਇਸ ਮਾਮਲੇ ਵਿੱਚ ਲੋੜੀਂਦਾ ਕੁਨੈਕਸ਼ਨ ਸਿੱਧ ਹੋ ਸਕਦੀ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਮੇਅਰ ਪੈਟ੍ਰਿਕ ਬ੍ਰਾਊਨ ਇਸ ਮਤੇ ਨਾਲ ਖੁਸ਼ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰਾਂ ਉਸ ਪ੍ਰੋਜੈਕਟ ਲਈ ਫੰਡ ਨਹੀਂ ਦੇਣਗੀਆਂ ਜਿਸ ਨਾਲ ਉਨ੍ਹਾਂ ਨੂੰ ਲੱਗੇ ਕਿ ਉਹ ਵੱਡੀ ਪੱਧਰ ਉੱਤੇ ਕਮਿਊਨਿਟੀ ਦੇ ਹੱਕ ਵਿੱਚ ਨਹੀਂ ਹੈ। ਸਾਨੂੰ ਆਪਣੇ ਜਾਇਜ਼ ਹਿੱਸੇ ਲਈ ਮੰਗ ਕਰਨੀ ਚਾਹੀਦੀ ਹੈ ਨਾ ਕਿ ਨਿੱਕੇ ਨਿੱਕੇ ਹਿੱਸਿਆਂ ਲਈ।

### ਅੰਦਰ ਪੜ੍ਹੋ

ਫੋਰਡ ਦੀ ਨਿਖੇਧੀ

ਪੰਨਾ 3

ਨੰਡੋ ਇਆਨਿਕਾ ਬਣਿਆ ਰੀਜਨ ਆਫ਼ ਪੀਲ ਦਾ ਚੇਅਰ

ਪੰਨਾ 4

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨੀਂਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
Rakesh M. Joshi B.A., LL.B.
416-213-8600
6921 Steels Ave. W. Unit 11, Etobicoke, ON

INSURANCE
HOME | AUTO | BUSINESS | TRUCKING | R.E.S.P | COMMERCIAL
CONNEX Insurance Brokers Ltd.
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS FISTULAS FISSURES
Company Insurance Accepted
NAITCM Applying Zhang's Herbal Formulas & Technics
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
Immigration • Real Estate
Family Law • Business Closing
Corporate • Wills & Estate
Power of Attorney/Affidavit / Attestations
SHINDER KELLEY
Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੌ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife



Signature.ca, WESTJET vacations, transat Holidays, sunwing, AIR CANADA VACATIONS, tico.ca, IATA

Call Us For Guaranteed Lowest Airfare
ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers :
Solo/Team : upto .65 Cents Per Mile



Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

ਮੂੰਹ ਬੋਲਦੀ ਦੀ Kitchen and Washroom ਬਣਵਾਓ
Pearson Kitchen & Cabinet
Free Estimate
We Specialize in granite, quartz & marble countertops



We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ
Call Vikramjit Sangha: 416-200-0931
Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

ASIAN FOOD CENTRE



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109



## ਅੱਜ ਨਾਮਾ

ਬਾਦਲ ਦਲ ਦਾ ਰੱਫੜ ਗਿਆ ਪੁੱਜ ਦਿੱਲੀ,
ਪ੍ਰਧਾਨੀ ਗਿਆ ਮਨਜੀਤ ਸੋਂਹ ਛੱਡ ਬੇਲੀ।
ਜਿਨ੍ਹਾਂ ਪਾਇਆ ਦਬਾਅ ਜਿਹਾ ਬੜਾ ਭਾਰਾ,
ਸੁਣਿਆ ਵੇਖ ਰਹੇ ਅੱਖਾਂ ਕਈ ਅੱਡ ਬੇਲੀ।
ਜਣਾ-ਖਣਾ ਨਹੀਂ ਰਹਿੰਦਾ ਸੀ ਬੋਲਣੇ ਤੋਂ,
ਰੱਖਿਆ ਕਈਆਂ ਨੇ ਮੂੰਹ ਸੀ ਟੱਡ ਬੇਲੀ।
ਬੰਦਾ ਨਿਕਲਿਆ ਬਾਹਰ ਜਦ ਜ਼ਾਬਤੇ ਤੋਂ,
ਸਕਦਾ ਮਰਜ਼ੀ ਦੀ ਲੱਤ ਉਹ ਗੱਡ ਬੇਲੀ।
ਸੈਨਤ ਮਾਰੇ ਪਿਆ ਓਧਰ ਬ੍ਰਹਮਪੁਰੀਆ,
ਕਈਆਂ ਧਿਰਾਂ ਤੋਂ ਆਉਣ ਸੰਕੇਤ ਬੇਲੀ।
ਛੱਡ ਕੇ ਤੁਰ ਗਿਆ ਜੇ ਉਹ ਬਾਦਲਾਂ ਨੂੰ,
ਗੁੱਝਾ ਰਹੂ ਨਹੀਂ ਕਿਤੇ ਕੋਈ ਭੇਤ ਬੇਲੀ।

ਤੀਸ ਮਾਰ ਖਾਂ

# ਹਾਈਡਰੋ ਵੰਨ ਵੱਲੋਂ ਅਮਰੀਕੀ ਕੰਪਨੀ ਨੂੰ ਖਰੀਦਣ ਦੀਆਂ ਕੋਸ਼ਿਸ਼ਾਂ ਖਾਰਜ ਕਰਨ ਉੱਤੇ ਫੋਰਡ ਦੀ ਨਿਖੇਧੀ



ਟੋਰਾਂਟੋ, 6 ਦਸੰਬਰ (ਪੋਸਟ ਬਿਊਰੋ) : ਹਾਈਡਰੋ ਵੰਨ ਵੱਲੋਂ ਅਮਰੀਕੀ ਕੰਪਨੀ ਨੂੰ 6.7 ਬਿਲੀਅਨ ਡਾਲਰ ਵਿੱਚ ਖਰੀਦਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਖਾਰਜ ਕਰਨ ਉੱਤੇ ਪ੍ਰੀਮੀਅਰ ਡੱਗ ਫੋਰਡ ਦੀ ਦੋਵਾਂ ਵਿਰੋਧੀ ਪਾਰਟੀਆਂ ਵੱਲੋਂ ਨਿਖੇਧੀ ਕੀਤੀ ਜਾ ਰਹੀ ਹੈ।

ਅਮਰੀਕੀ ਰੈਗੂਲੇਟਰਜ਼ ਦਾ ਕਹਿਣਾ ਹੈ ਕਿ ਉਹ ਓਨਟਾਰੀਓ ਦੀ ਸੱਭ ਤੋਂ ਵੱਡੀ ਯੂਟਿਲਿਟੀ ਨੂੰ ਐਵਿਸਟਾ ਕਾਰਪੋਰੇਸ਼ਨ ਖਰੀਦਣ ਦੀ ਇਜਾਜ਼ਤ ਨਹੀਂ ਦੇ ਸਕਦੇ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਹਾਈਡਰੋ ਵੰਨ ਦੀ ਸੱਭ ਤੋਂ ਵੱਡੀ ਸ਼ੇਅਰਹੋਲਡਰ ਪ੍ਰੋਵਿੰਸ਼ੀਅਲ ਸਰਕਾਰ ਐਵਿਸਟਾ ਦੇ ਕੰਮਕਾਜ ਵਿੱਚ ਦਖਲਅੰਦਾਜ਼ੀ ਕਰ ਸਕਦੀ ਹੈ। ਇਸ ਤੋਂ ਇਲਾਵਾ ਫੋਰਡ ਵੱਲੋਂ ਹਾਈਡਰੋ ਵੰਨ ਦੇ ਚੀਫ ਐਗਜ਼ੈਕਟਿਵ ਨੂੰ ਰਿਟਾਇਰ ਹੋਣ ਲਈ ਮਜਬੂਰ ਕਰਨ ਤੋਂ ਇਹੋ ਸਿੱਧ ਹੁੰਦਾ ਹੈ ਕਿ ਪ੍ਰੋਵਿੰਸ ਦਾ ਕੰਪਨੀ ਦੇ ਕੰਮਕਾਜ ਵਿੱਚ ਦਖਲ ਦੇਣ ਦਾ ਪੂਰਾ ਭਰੋਸਾ ਸੀ।

ਜ਼ਿਕਰਯੋਗ ਹੈ ਕਿ ਮਾਯੋ ਸ਼ਮਿਡਟ ਦੀ ਜਲਦੀ ਰਿਟਾਇਰਮੈਂਟ ਤੋਂ ਫੌਰਨ ਬਾਅਦ ਹੀ ਕੰਪਨੀ ਦੇ ਸਮੁੱਚੇ ਬੋਰਡ ਵੱਲੋਂ ਅਸਤੀਫਾ ਦੇ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਹਾਈਡਰੋ ਵੰਨ ਤੇ ਅਵਿਸਟਾ ਦੇ ਸ਼ੇਅਰ ਵੀ ਕਾਫੀ ਡਿੱਗ ਗਏ। ਬੁੱਧਵਾਰ ਦੁਪਹਿਰ ਨੂੰ ਵਿਰੋਧੀ ਧਿਰਾਂ ਐਨਡੀਪੀ ਤੇ ਸਾਬਕਾ ਲਿਬਰਲ ਸਰਕਾਰ ਨੇ ਫੋਰਡ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਉੱਤੇ ਦੋਸ਼ ਲਾਇਆ ਕਿ ਉਹ ਜਾਣਬੁੱਝ ਕੇ ਇਸ ਡੀਲ ਨੂੰ ਸਿਰੇ ਨਹੀਂ ਚੜ੍ਹਨ ਦੇ ਰਹੀ।

ਲਿਬਰਲ ਐਮਪੀਪੀ ਮਿਤਜ਼ੀ ਹੰਟਰ ਨੇ ਆਖਿਆ ਕਿ ਫੋਰਡ ਨੂੰ ਇਹ ਸੁਨੇਹਾ ਸਾਫ ਤੌਰ ਉੱਤੇ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਹਾਈਡਰੋ ਵੰਨ ਦੇ ਮਾਮਲੇ ਵਿੱਚ ਦਖਲ ਨਾ ਦੇਵੇ। ਊਰਜਾ ਮੰਤਰੀ ਗ੍ਰੈੱਗ ਰਿੱਕਫੋਰਡ ਨੇ ਸਰਕਾਰ ਦਾ ਪੱਖ ਪੂਰਦਿਆਂ ਆਖਿਆ ਕਿ ਹਾਈਡਰੋ ਵੰਨ ਵਿੱਚ ਐਗਜ਼ੈਕਟਿਵ ਸਬੰਧੀ ਤਬਦੀਲੀਆਂ ਇਸ ਲਈ ਵੀ ਜ਼ਰੂਰੀ ਸਨ ਕਿਉਂਕਿ ਇਹ ਸੱਭ ਓਨਟਾਰੀਓ ਵਾਸੀਆਂ ਦੇ ਹਿਤ ਲਈ ਕੀਤਾ ਜਾ ਰਿਹਾ ਹੈ।

# ਐਡਮੰਟਨ ਦੇ ਅਪਾਰਟਮੈਂਟ ਵਿੱਚ ਮ੍ਰਿਤਕ ਮਿਲੇ ਦੋ ਬੱਚੇ



ਐਡਮੰਟਨ, 6 ਦਸੰਬਰ (ਪੋਸਟ ਬਿਊਰੋ) : ਐਡਮੰਟਨ ਦੇ ਇੱਕ ਅਪਾਰਟਮੈਂਟ ਵਿੱਚੋਂ ਦੋ ਬੱਚਿਆਂ ਦੀ ਲਾਸ਼ਾਂ ਮਿਲਣ ਦੇ ਮਾਮਲੇ ਨੂੰ ਪੁਲਿਸ ਸ਼ੱਕੀ ਮੰਨ ਕੇ ਚੱਲ ਰਹੀ ਹੈ। ਬੁੱਧਵਾਰ ਰਾਤ ਨੂੰ ਸ਼ਹਿਰ ਦੇ ਦੱਖਣਪੂਰਬੀ ਪਾਸੇ ਵੱਲੋਂ 79 ਐਵਨਿਊ ਤੇ 71 ਸਟਰੀਟ ਇਲਾਕੇ ਵਿੱਚ ਸਥਿਤ ਇੱਕ ਅਪਾਰਟਮੈਂਟ ਵਿੱਚੋਂ ਦੋ ਬੱਚਿਆਂ ਦੀਆਂ ਲਾਸ਼ਾਂ ਮਿਲੀਆਂ। ਦਿਨ ਵੇਲੇ ਇਸੇ ਇਲਾਕੇ ਵਿੱਚ ਕਥਿਤ ਤੌਰ ਉੱਤੇ ਹੋਏ ਹਮਲੇ ਵਿੱਚ ਇੱਕ ਮਹਿਲਾ ਦੇ ਗੰਭੀਰ ਜ਼ਖ਼ਮੀ ਹੋਣ ਦੇ ਮਾਮਲੇ ਦੀ ਪੁਲਿਸ ਅਧਿਕਾਰੀ ਜਾਂਚ ਕਰ ਰਹੇ ਸਨ। ਇੱਕ ਨਿਊਜ਼ ਰਲੀਜ਼ ਵਿੱਚ ਪੁਲਿਸ ਨੇ ਆਖਿਆ ਕਿ ਹਮਲੇ ਦੇ ਸਬੰਧ ਵਿੱਚ ਉਨ੍ਹਾਂ ਨੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਹੋਮੀਸਾਈਡ ਯੂਨਿਟ ਮਾਮਲੇ ਦੀ ਜਾਂਚ ਕਰ ਰਹੀ ਹੈ।

# ਸਕੂਲ ਬੱਸ ਨਾਲ ਸੈਮੀਟਰੇਲਰ ਟਕਰਾਇਆ, 2 ਹਲਾਕ



ਡਾਊਨਜ਼, 6 ਦਸੰਬਰ (ਪੋਸਟ ਬਿਊਰੋ) : ਗਲਤ ਦਿਸ਼ਾ ਵੱਲ ਵੱਧ ਰਹੇ ਸੈਮੀਟਰੇਲਰ ਦੀ ਇਲੀਨੌਇਸ ਹਾਈ ਸਕੂਲ ਦੀ ਕੁੜੀਆਂ ਦੀ ਬਾਸਕਟਬਾਲ ਟੀਮ ਨੂੰ ਲਿਜਾ ਰਹੀ ਬੱਸ ਨਾਲ ਆਹਮੋ ਸਾਹਮਣੀ ਹੋਈ ਟੱਕਰ ਕਾਰਨ ਟਰੱਕ ਦੇ ਡਰਾਈਵਰ ਤੇ ਬੱਸ ਵਿੱਚ ਸਵਾਰ ਇੱਕ ਬਾਲਗ ਦੀ ਮੌਤ ਹੋ ਗਈ। ਇਹ ਜਾਣਕਾਰੀ ਵੀਰਵਾਰ ਨੂੰ ਅਧਿਕਾਰੀਆਂ ਨੇ ਦਿੱਤੀ। ਇਲੀਨੌਇਸ ਸਟੇਟ ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਅੱਠ ਲੜਕੀਆਂ ਜ਼ਖਮੀ ਹੋ ਗਈਆਂ। ਹਾਦਸਾ ਡਾਊਨਜ਼ ਨੇੜੇ ਇੰਟਰਸਟੇਟ 74 ਉੱਤੇ ਬੁੱਧਵਾਰ ਰਾਤ ਨੂੰ ਵਾਪਰਿਆ। ਪੁਲਿਸ ਨੇ ਦੱਸਿਆ ਕਿ ਬੱਸ ਦਾ ਡਰਾਈਵਰ ਤੇ ਕੋਚ ਵੀ ਜ਼ਖ਼ਮੀ ਹੋ ਗਏ। ਕੁੜੀਆਂ ਦੀ ਇਹ ਟੀਮ ਸ਼ੈਂਪੇਨ ਸੈਂਟਰਲ, ਨੌਰਮਲ ਵੈਸਟ ਹਾਈ ਸਕੂਲ ਵਿੱਚ ਇੱਕ ਗੇਮ ਵਿੱਚ ਹਿੱਸਾ ਲੈਣ ਤੋਂ ਬਾਅਦ ਪਰਤ ਰਹੀ ਸੀ। ਇਹ ਜਾਣਕਾਰੀ ਸਕੂਲ ਦੇ ਅਥਲੈਟਿਕ ਡਾਇਰੈਕਟਰ ਸਟੈਨ ਲੁਈਸ ਨੇ ਦਿੱਤੀ। ਜਿਹੜੀਆਂ ਕੁੜੀਆਂ ਜ਼ਖ਼ਮੀ ਹੋਈਆਂ ਹਨ ਉਨ੍ਹਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਉਨ੍ਹਾਂ ਨੂੰ ਐਂਬੂਲੈਂਸ ਰਾਹੀਂ ਮੌਕੇ ਤੋਂ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਨੌਰਮਲ ਦੇ 72 ਸਾਲਾ ਚਾਰਲਸ ਕਰੈਬਟਰੀ ਬੱਸ ਵਿੱਚ ਸਵਾਰ ਯਾਤਰੀ ਸਨ ਜਿਨ੍ਹਾਂ ਦੀ ਹਾਦਸੇ ਵਿੱਚ ਮੌਤ ਹੋਈ। ਉਹ ਨੌਰਮਲ ਵੈਸਟ ਨਾਲ ਵਾਲੰਟੀਅਰ ਵਜੋਂ ਜੁੜੇ ਹੋਏ ਸਨ।

# ਤੇਲ ਤੇ ਗੈਸ ਦਾ ਮੁੱਦਾ ਵੀ ਫਰਸਟ ਮਨਿਸਟਰਜ਼ ਦੀ ਮੀਟਿੰਗ ਵਿੱਚ ਕੀਤਾ ਜਾਵੇਗਾ ਸ਼ਾਮਿਲ : ਪੀਐਮਓ



ਓਟਵਾ, 6 ਦਸੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਦੇ ਆਫਿਸ ਦਾ ਕਹਿਣਾ ਹੈ ਕਿ ਸ਼ੁੱਕਰਵਾਰ ਨੂੰ ਫਰਸਟ ਮਨਿਸਟਰਜ਼ ਦੀ ਹੋਣ ਜਾ ਰਹੀ ਮੀਟਿੰਗ ਵਿੱਚ ਤੇਲ ਤੇ ਗੈਸ ਇੰਡਸਟਰੀ ਨਾਲ ਜੁੜੇ ਮੁੱਦਿਆਂ ਨੂੰ ਵੀ ਵਿਚਾਰਿਆ ਜਾਵੇਗਾ। ਜ਼ਿਕਰਯੋਗ ਹੈ ਕਿ ਅਲਬਰਆ ਦੀ ਪ੍ਰੀਮੀਅਰ ਰੇਚਲ ਨੌਟਲੇ ਤੇ ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਏ ਵੱਲੋਂ ਕੀਤੀ ਗਈ ਸਖਤ ਆਲੋਚਨਾ ਤੋਂ ਬਾਅਦ ਹੀ ਪੀਐਮਓ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ।

ਪੀਐਮਓ ਵੱਲੋਂ ਬੁੱਧਵਾਰ ਨੂੰ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਤੇਲ ਦੀਆਂ ਡਿੱਗ ਰਹੀਆਂ ਕੀਮਤਾਂ ਕਾਰਨ ਕੈਨੇਡਾ ਦੇ ਊਰਜਾ ਸੈਕਟਰ ਤੇ ਊਰਜਾ ਵਰਕਰਾਂ ਉੱਤੇ ਜੋ ਮਾੜਾ ਅਸਰ ਪੈ ਰਿਹਾ ਹੈ ਤੇ ਆਉਣ ਵਾਲੇ ਸਮੇਂ ਵਿੱਚ ਪਵੇਗਾ ਉਸ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਹੀ ਇਹ ਫੈਸਲਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਮੀਟਿੰਗ ਦੇ ਪੇਸ਼ ਕੀਤੇ ਗਏ ਏਜੰਡੇ ਵਿੱਚ ਤੇਲ ਤੇ ਗੈਸ ਦਾ ਕੋਈ ਜ਼ਿਕਰ ਤੱਕ ਨਹੀਂ ਸੀ। ਇਸ ਏਜੰਡੇ ਵਿੱਚ ਦੱਸਿਆ ਗਿਆ ਸੀ ਕਿ ਸ਼ੁੱਕਰਵਾਰ ਨੂੰ ਫਰਸਟ ਮਨਿਸਟਰਜ਼ ਦੀ ਹੋਣ ਜਾ ਰਹੀ ਮੀਟਿੰਗ ਵਿੱਚ ਕਿਹੜਾ ਮੰਤਰੀ ਪ੍ਰੀਮੀਅਰਜ਼ ਨਾਲ ਕੀ ਵਿਚਾਰ ਵਟਾਂਦਰਾ ਕਰਨਾ ਚਾਹੁੰਦਾ ਹੈ।

ਇਸ ਤੋਂ ਪਹਿਲਾਂ ਬੁੱਧਵਾਰ ਨੂੰ ਪੀਐਮਓ ਨੇ ਆਖਿਆ ਕਿ ਤੇਲ ਦੀਆਂ ਕੀਮਤਾਂ ਵਿਚਲਾ ਫਰਕ ਤੇ ਨੌਟਲੇ ਤੇ ਮੋਏ ਵੱਲੋਂ ਇੰਡਸਟਰੀ ਨੂੰ ਦਰਪੇਸ਼ ਸੰਕਟ ਦਾ ਮੁੱਦਾ ਭਾਵੇਂ ਏਜੰਡੇ ਵਿੱਚ ਸ਼ਾਮਲ ਕੀਤਾ ਗਿਆ ਸੀ ਜਾਂ ਨਹੀਂ ਪਰ ਇਸ ਬਾਰੇ ਗੱਲ ਮੀਟਿੰਗ ਵਿੱਚ ਜ਼ਰੂਰ ਕੀਤੀ ਜਾਣੀ ਸੀ। ਪਰ ਪ੍ਰੀਮੀਅਰਜ਼ ਵੱਲੋਂ ਐਨਰਜੀ ਮਾਰਕਿਟ ਤੱਕ ਪਹੁੰਚ ਤੇ ਕੀਮਤਾਂ ਵਿਚਲੇ ਫਰਕ ਦੇ ਅਰਥਚਾਰੇ ਉੱਤੇ ਪੈਣ ਵਾਲੇ ਪ੍ਰਭਾਵ ਨੂੰ ਏਜੰਡੇ ਵਿੱਚ ਸ਼ਾਮਲ ਕਰਨ ਦੀ ਮੰਗ ਮਗਰੋਂ ਹੀ ਇਹ ਫੈਸਲਾ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਅਲਬਰਟਾ ਤੇਲ ਦੀਆਂ ਕੀਮਤਾਂ ਵਿੱਚ ਆ ਰਹੀ ਗਿਰਾਵਟ ਕਾਰਨ ਸੰਘਰਸ਼ ਕਰ ਰਿਹਾ ਹੈ। ਇਸ ਦੇ ਹੱਲ ਵਜੋਂ ਅਲਬਰਟਾ ਨੇ ਤੇਲ ਦੇ ਉਤਪਾਦਨ ਵਿੱਚ ਜਨਵਰੀ ਤੋਂ 8.7 ਫੀ ਸਦੀ ਦੀ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਪ੍ਰੋਵਿੰਸ ਕੈਨੇਡੀਅਨ ਕੱਚੇ ਤੇਲ ਨੂੰ ਹੋਰਨਾਂ ਮੰਡੀਆਂ ਤੱਕ ਪਹੁੰਚਾਉਣ ਲਈ ਰੇਲ ਕਾਰਜ਼ ਵੀ ਖਰੀਦੇਗਾ। ਹਾਲਾਂਕਿ ਫੈਡਰਲ ਸਰਕਾਰ ਨੇ ਰੇਲ ਕਾਰਜ਼ ਖਰੀਦਣ ਲਈ ਅਲਬਰਟਾ ਦੀ ਮਦਦ ਕਰਨ ਵਾਸਤੇ ਪ੍ਰੋਵਿੰਸ ਦੀ ਬੇਨਤੀ ਉੱਤੇ ਦਸਤਖ਼ਤ ਨਹੀਂ ਕੀਤੇ ਹਨ।

# ਨਵਜੋਤ ਸਿੱਧੂ ਨੂੰ ਡਾਕਟਰਾਂ ਨੇ ਬਹੁਤਾ ਨਾ ਬੋਲਣ ਦੀ ਸਲਾਹ ਦਿੱਤੀ

ਚੰਡੀਗੜ੍ਹ, 6 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਲੋਕਲ ਬਾਡੀਜ਼, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਡਾਕਟਰਾਂ ਨੇ ਕੁਝ ਦਿਨ ਮੁਕੰਮਲ ਆਰਾਮ ਕਰਨ ਦੀ ਸਲਾਹ ਦਿੱਤੀ ਹੈ। ਸਰਕਾਰੀ ਬੁਲਾਰੇ ਦੇ ਦੱਸਣ ਮੁਤਾਬਕ ਪਿਛਲੇ 17 ਦਿਨਾਂ ਤੋਂ ਚੋਣ ਪ੍ਰਚਾਰ ਕਰਦੇ ਰਹੇ ਸਿੱਧੂ ਦਾ ਗਲਾ ਖਰਾਬ ਹੋ ਜਾਣ ਦੇ ਬਾਅਦ ਡਾਕਟਰਾਂ ਨੇ ਸਲਾਹ ਦਿੱਤੀ ਹੈ ਕਿ ਜੇ ਆਰਾਮ ਨਾ ਕੀਤਾ ਤਾਂ ਆਵਾਜ਼ ਨੂੰ ਨੁਕਸਾਨ ਪਹੁੰਚ ਸਕਦਾ ਹੈ। ਵਰਨਣ ਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਚੋਣ ਪ੍ਰਚਾਰ ਦੌਰਾਨ ਲਗਾਤਾਰ 70 ਜਨਤਕ ਮੀਟਿੰਗਾਂ ਨੂੰ ਸੰਬੋਧਨ ਕੀਤਾ ਸੀ। ਸਰਕਾਰੀ ਬੁਲਾਰੇ ਦੇ ਮੁਤਾਬਕ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਐਮਬੋਲਿਜ਼ਮ ਟਰੀਟਮੈਂਟ ਕਰਵਾ ਰਹੇ ਹਨ, ਜਿਸ ਦੌਰਾਨ ਲਗਾਤਾਰ ਹਵਾਈ ਯਾਤਰਾ ਕਰਨਾ ਵੀ ਉਨ੍ਹਾਂ ਲਈ ਠੀਕ ਨਹੀਂ। ਕੁਝ ਸਾਲ ਪਹਿਲਾਂ ਵੀ ਉਹ ਜ਼ਿਆਦਾ ਹਵਾਈ ਯਾਤਰਾ ਕਾਰਨ ਡੀ ਵੀ ਟੀ ਦੀ ਸਮੱਸਿਆ ਤੋਂ ਪ੍ਰਭਾਵਤ ਹੋ ਗਏ ਸਨ। ਉਨ੍ਹਾਂ ਵੱਲੋਂ ਲੜੀਵਾਰ ਹੀਮਾਟੋਲੋਜੀ ਟੈਸਟ ਕਰਵਾਏ ਗਏ ਹਨ। ਡਾਕਟਰਾਂ ਦੀ ਸਲਾਹ ਨਾਲ ਉਹ ਮੁਕੰਮਲ ਜਾਂਚ ਅਤੇ ਰਿਕਵਰੀ ਲਈ ਕਿਸੇ ਅਣਦੱਸੀ ਥਾਂ ਚਲੇ ਗਏ ਹਨ। ਉਨ੍ਹਾਂ ਨੂੰ ਸਾਹ ਲੈਣ ਦੇ ਅਭਿਆਸ ਅਤੇ ਫਿਜ਼ੀਓਥੈਰੇਪੀ ਦੇ ਨਾਲ ਵਿਸ਼ੇਸ਼ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਇਸ ਸੰਬੰਧ ਵਿੱਚ ਪੰਜਾਬ ਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਇਸ ਚੋਣ ਪ੍ਰਚਾਰ ਦੌਰਾਨ ਹੀ ਨਵਜੋਤ ਸਿੰਘ ਸਿੱਧੂ ਕਰਤਾਰਪੁਰ ਸਾਹਿਬ ਲਾਂਘੇ ਦਾ ਨੀਂਹ ਪੱਥਰ ਰੱਖੇ ਜਾਣ ਮੌਕੇ ਪਾਕਿਸਤਾਨ ਦੌਰੇ ’ਤੇ ਵੀ ਗਏ ਸਨ। ਉਥੇ ਵੀ ਉਨ੍ਹਾਂ ਲੋਕਾਂ ਨੂੰ ਸੰਬੋਧਨ ਕੀਤਾ ਅਤੇ ਵੱਖ ਵੱਖ ਥਾਵਾਂ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਸੀ, ਜਿਸ ਕਾਰਨ ਉਨ੍ਹਾਂ ਦੇ ਗਲੇ ’ਚ ਦਰਦ ਹੋਣਾ ਸ਼ੁਰੂ ਹੋ ਗਿਆ ਸੀ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY • LOANS • HOME RENOVATION • WANT TO GET OUT OF CREDIT CARD DEBT
BEHIND ON YOUR MORTGAGE PAYMENTS ? SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋਂ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

UK Truck Training Centre
Ministry Approved Private Carrier College
○Automatic & Manual Trucks
●1 on 1 Training
○Forklift Training
Forklift $79
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

ShergGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਨੰਡੋ ਇਆਨਿਕਾ ਬਣਿਆ ਰੀਜਨ ਆਫ਼ ਪੀਲ ਦਾ ਚੇਅਰ, ਚਾਰਲਸ ਸੂਸਾ ਨੂੰ ਦਿੱਤੀ ਮਾਤ



ਮਿਸੀਸਾਗਾ ਪੋਸਟ ਬਿਊਰੋ: ਮਿਸੀਸਾਗਾ ਦੇ ਸਾਬਕਾ ਸਿਟੀ ਕਾਊਂਸਲਰ ਨੰਡੋ ਇਆਨਿਕਾ ਨੇ ਪ੍ਰੋਵਿੰਸ਼ੀਅਲ ਲਿਬਰਲ ਸਰਕਾਰ ਵਿੱਚ ਸਾਬਕਾ ਵਿੱਤ ਮੰਤਰੀ ਚਾਰਲਸ ਸੂਸਾ ਨੂੰ 9 ਦੇ ਮੁਕਾਬਲੇ 15 ਵੋਟਾਂ ਨਾਲ ਹਰਾ ਕੇ ਰੀਜਨ ਆਫ਼ ਪੀਲ ਦੀ ਚੇਅਰ ਦੀ ਚੋਣ ਜਿੱਤ ਲਈ ਹੈ। ਚਾਰਲਸ ਸੂਸਾ ਨੂੰ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਵੱਲੋਂ ਨੌਮੀਨੇਟ ਕੀਤਾ ਗਿਆ ਸੀ ਜਦੋਂ ਕਿ ਨੰਡੋ ਦੀ ਨਾਮਜ਼ਦਗੀ ਮਿਸੀਸਾਗਾ ਮੇਅਰ ਬੌਨੀ ਕਰੌਂਬੀ ਨੇ ਕੀਤੀ ਸੀ।

ਨੰਡੋ ਇਆਨਿਕਾ ਦੇ ਹੱਕ ਵਿੱਚ ਵੋਟਾਂ ਪਾਉਣ ਵਾਲਿਆਂ ਵਿੱਚ ਮੇਅਰ ਬੌਨੀ ਕਰੌਂਬੀ, ਕਾਊਂਸਲਰ ਦੀਪਿਕਾ ਦਮੇਰਲਾ, ਸੂ ਮੈਕਫੈਡਨ, ਬਰੈਂਪਟਨ ਤੋਂ ਰੀਜਨਲ ਕਾਊਨਸਲਰ ਗੁਰਪ੍ਰੀਤ ਢਿੱਲੋਂ, ਪੈਟ ਫੋਰਟਿਨੀ, ਮਾਰਟਿਨ ਮੀਡੀਰੀਓਸ ਦੇ ਨਾਮ ਪ੍ਰਮੁੱਖ ਹਨ। ਕੈਲੀਡਾਨ ਦੇ ਦੋ ਕਾਊਂਸਲਰ ਵੀ ਨੰਡੋ ਦੇ ਹੱਕ ਵਿੱਚ ਭੁਗਤੇ ਜਦੋਂ ਕਿ ਕੈਲੀਡਾਨ ਦੇ ਮੇਅਰ ਐਲਨ ਥੌਮਸਨ ਨੇ ਚਾਰਲਸ ਸੂਸਾ ਦੇ ਹੱਕ ਵਿੱਚ ਵੋਟ ਪਾਈ।

ਚਾਰਲਸ ਸੂਸਾ ਦੇ ਹੱਕ ਵਿੱਚ ਜਿਹਨਾਂ ਹੋਰਾਂ ਨੇ ਵੋਟ ਪਾਈ ਉਹਨਾਂ ਵਿੱਚ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ, ਕਾਊਂਸਲਰ ਮਾਈਕਲ ਪਾਲੇਸ਼ੀ, ਮਿਸੀਸਾਗਾ ਤੋਂ ਕਾਊਂਸਲਰ ਪੈਟ ਸੇਟੋ, ਰੌਨ ਸਟਾਰ, ਕੈਰੋਲਿਨ ਪੈਰਿਸ਼ ਅਤੇ ਜਾਰਜ ਕਾਰਲਸਨ ਦੇ ਨਾਮ ਸ਼ਾਮਲ ਹਨ।

ਵਰਨਣਯੋਗ ਹੈ ਕਿ ਰੀਜਨ ਆਫ਼ ਪੀਲ ਦੇ 3000 ਹਜ਼ਾਰ ਤੋਂ ਵੱਧ ਮੁਲਾਜ਼ਮ ਹਨ ਅਤੇ ਇਸ ਕੋਲ 11 ਬਿਲੀਅਨ ਡਾਲਰ ਤੋਂ ਵੱਧ ਅਸਾਸੇ ਹਨ। ਇਸ ਚੋਣ ਵਿੱਚ ਕੋਈ ਵੀ ਉਮੀਦਵਾਰ ਇਸ ਚੋਣ ਵਿੱਚ ਬਰੈਂਪਟਨ ਤੋਂ ਨਹੀਂ ਸੀ।

# ਲਿਬਰਲ ਸਰਕਾਰ ਨੇ ਬਰੈਂਪਟਨ ’ਚ ਹੜ੍ਹ ਸੁਰੱਖਿਆ ਪ੍ਰੋਜੈਕਟ ਲਈ 1.5 ਮਿਲੀਅਨ ਡਾਲਰ ਦਿੱਤੇ : ਕਮਲ ਖੈਰ੍ਹਾ

ਬਰੈਂਪਟਨ ਪੋਸਟ ਬਿਊਰੋ-, ਬਰੈਂਪਟਨ ਵੈਸਟ ਤੋਂ ਮੈਂਬਰ ਪਾਰਲੀਮੈਂਟ ਕਮਲ ਖ੍ਹੈਰਾ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਫੈਡਰਲ ਸਰਕਾਰ ਨੇ ਸਿਟੀ ਆਫ ਬਰੈਂਪਟਨ ਨੂੰ ਡਾਊਨ ਟਾਊਨ ਵਿੱਚ ਹੜ ਸੁਰੱਖਿਆ ਪ੍ਰੋਜੈਕਟ ਵਾਸਤੇ 1.5 ਮਿਲੀਅਨ ਡਾਲਰ ਦਿੱਤੇ ਹਨ। ਇਸ ਫੰਡ ਨੂੰ ਹੜ ਸੁਰੱਖਿਆ ਵਾਸਤੇ ਬਦਲਵੀਂ ਤਜ਼ਵੀਜ ਸੁਝਾਉਣ ਲਈ ਵਾਤਾਵਰਣ ਦਾ ਮੁਲਾਂਕਣ ਕਰਨ ਅਤੇ ਬਰੈਂਪਟਨ ਡਾਊਨ ਟਾਊਨ ਦੇ ਅੰਦਰੂਨੀ ਹਿੱਸੇ ਨੂੰ ਈਟੋਬੀਕੋ ਕਰੀਕ ਤੋਂ ਹੜ ਦੇ ਜੋਖ਼ਮ ਤੋਂ ਬਚਾਅ ਕਰਨ ਲਈ ਵਰਤਿਆ ਜਾਵੇਗਾ। ਹੜ ਦੇ ਜੋਖ਼ਮ ਨੂੰ ਬਚਾਅ ਕਰਨ ਨਾਲ ਜਿੱਥੇ ਨਿਵਾਸੀਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲੇਗੀ, ਨਾਲ ਹੀ ਕਿਸੇ ਵੱਡੇ ਹੜ ਦੀ ਸੂਰਤ ਵਿੱਚ ਆਫ਼ਤ ਤੋਂ ਰਾਹਤ ਦੇ ਖਰਚੇ ਨੂੰ ਘੱਟ ਹੋਣਗੇ।

ਇਸ ਫੰਡ ਬਾਰੇ ਕਮਲ ਖੈਰ੍ਹਾ ਨੇ ਕਿਹਾ, “ਡਾਊਨ ਟਾਊਨ ਬਰੈਂਪਟਨ ਹੜ ਵਾਲਾ ਖੇਤਰ ਹੈ, ਜਿਸ ਦੇ ਸਿੱਟੇ ਵਜੋਂ ਆਉਣ ਵਾਲਾ ਕੋਈ ਵੱਡਾ ਹੜ ਨਿਵਾਸੀਆਂ ਦੀ ਸੁਰੱਖਿਆ ਲਈ ਜੋਖ਼ਮ ਬਣਨ ਤੋਂ ਇਲਾਵਾ ਸਰਕਾਰੀ ਅਤੇ ਨਿੱਜੀ ਸੰਪਤੀ ਨੂੰ ਭਾਰੀ ਨੁਕਸਾਨ ਕਰੇਗਾ। ਇਹ ਤੱਥ ਡਾਊਨ ਟਾਊਨ ਬਰੈਂਪਟਨ ਵਿੱਚ ਵੱਸੋਂ ਦੇ ਸੰਘਣਾ ਹੋਣ ਵਿੱਚ ਰੁਕਾਵਟ ਬਣਦੇ ਹਨ, ਜੋ ਕਿ ਬਰੈਂਪਟਨ ਦਾ ਇੱਕ ਅਹਿਮ ਆਰਥਕ ਹੱਬ ਅਤੇ ਅਰਬਨ



ਸੈਂਟਰ ਹੈ। ਸਾਡੀ ਟਰੂਡੋ ਸਰਕਾਰ ਦਾ ਇਹ ਨਿਵੇਸ਼ ਜਿੱਥੇ ਡਾਊਨ ਟਾਊਨ ਵਿੱਚ ਕਿਸੇ ਵੱਡੇ ਹੜ ਦੇ ਖਤਰੇ ਨੂੰ ਰੋਕੇਗਾ, ਉੱਥੇ ਆਰਥਕ ਵਿਕਾਸ ਅਤੇ ਰੁਜ਼ਗਾਰ ਪੈਦਾ ਕਰਨ ਵਿੱਚ ਸਹਾਈ ਹੋਵੇਗਾ।

# 'ਓਨਟਾਰੀਓ ਸਟਾਰਟ-ਅੱਪਸ' ’ਚ ਪੂੰਜੀ ਨਿਵੇਸ਼ ਨਾਲ 400 ਹੋਰ ਨੌਕਰੀਆਂ ਪੈਦਾ ਹੋਣ ਦੀ ਉਮੀਦ : ਸੋਨੀਆ ਸਿੱਧੂ

ਬਰੈਂਪਟਨ - ਕੈਨੇਡਾ ਸਰਕਾਰ ਨੇ ਆਪਣੇ 'ਫੈੱਡਡੇਵ ਓਨਟਾਰੀਓ' ਪ੍ਰਾਜੈੱਕਟ ਰਾਹੀਂ 5.5 ਮਿਲੀਅਨ ਤੱਕ ਹੋਰ ਪੂੰਜੀ ਨਿਵੇਸ਼ ਕਰਕੇ ਓਨਟਾਰੀਓ ਵਿਚ ਨਵੀਆਂ ਨੌਕਰੀਆਂ, ਕੰਪਨੀਆਂ ਅਤੇ ਐਕਸੈੱਲ ਸੈਂਟਰ ਦੇ ਜ਼ਰੀਹੇ ਨਵੇਂ ਪ੍ਰੋਡੱਕਟ ਲਿਆਉਣ ਦਾ ਐਲਾਨ ਕੀਤਾ।

ਇਸ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਬਰੈਂਪਟਨ ਸਾਊਥ ਦੀ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨੇ ਕਿਹਾ,"ਕੈਨੇਡੀਅਨ ਸਰਕਾਰ ਇਹ ਯਕੀਨੀ ਬਣਾਏਗੀ ਕਿ ਉਸ ਦੇ ਵੱਲੋਂ ਚੁੱਕੇ ਜਾ ਰਹੇ ਸਹੀ ਕਦਮਾਂ ਨਾਲ ਕੈਨੇਡਾ ਦੇ ਕਾਰੋਬਾਰੀਆਂ ਨੂੰ ਸਫ਼ਲ ਹੋਣ ਲਈ ਯੋਗ ਮੌਕੇ ਅਤੇ ਲੋੜੀਂਦੇ ਸਾਧਨ ਮਿਲ ਰਹੇ ਹਨ।"

'ਫ਼ੈੱਡਡੇਵ ਓਨਟਾਰੀਓ' ਰਾਹੀਂ 'ਏ.ਸੀ. ਜੰਪਸਟਾਰਟ' ਵਿਚ ਇਹ ਵਧੇਰੇ ਪੂੰਜੀ ਨਿਵੇਸ਼ ਕਰਨ ਦਾ ਭਾਵ ਹੈ ਕਿ ਇਹ ਪ੍ਰੋਗਰਾਮ ਅੱਗੋਂ ਦੋ ਸਾਲ ਹੋਰ ਚੱਲੇਗਾ ਅਤੇ



ਇਸ ਦੇ ਨਾਲ 126 ਸਟਾਰਟ-ਅੱਪ ਪ੍ਰਾਜੈੱਕਟ ਚੱਲਣਗੇ। ਪਰਖੇ ਹੋਏ ਕਾਲਜਾਂ ਤੇ ਯੂਨੀਵਰਸਿਟੀਆਂ ਨਾਲ ਖੋਜ ਪ੍ਰਾਜੈੱਕਟ ਕਰਕੇ ਏ.ਸੀ. ਜੰਪ ਸਟਾਰਟ ਹਾਰਡ ਵੇਅਰ, ਐਡਵਾਂਸਡ ਮੈਨੂਫੈਕਚਰਿੰਗ, ਕਲੀਨ ਟੈਕਨਾਲੌਜੀ, ਸਸਟੇਨੇਬਲ ਅਨੱਰਜੀ, ਐਗਰੀਟੈੱਕ ਅਤੇ ਐਗਰੀ ਫੂਡ ਖ਼ੇਤਰਾਂ ਵਿਚ ਆਪਣੀ ਪਹੁੰਚ ਨੂੰ ਹੋਰ ਅੱਗੇ ਵਧਾਏਗਾ।

ਕੈਨੇਡਾ ਸਰਕਾਰ ਦਾ ਇਹ ਐਲਾਨ ਫ਼ੈੱਡਡੇਵ ਦੇ ਪਹਿਲੇ 8 ਮਿਲੀਅਨ ਡਾਲਰ ਵਾਲੇ ਪ੍ਰਾਜੈੱਕਟ ਏ.ਸੀ. ਜੰਪਸਟਾਰਟ ਨੂੰ ਸਪੋਰਟ ਕਰ ਰਿਹਾ ਹੈ। ਹੁਣ ਤੀਕ 190 ਸਟਾਰਟ-ਅੱਪਸ ਪ੍ਰਾਜੈੱਕਟਾਂ ਨਾਲ 230 ਨਵੇਂ ਪ੍ਰੋਡੱਕਟ ਮਾਰਕੀਟ ਵਿਚ ਆਏ ਹਨ ਜਿਨ੍ਹਾਂ ਦੀ ਮੁੱਢਲੀ ਵਿਕਰੀ 3.3 ਮਿਲੀਅਨ ਦੀ ਹੋਈ ਹੈ। ਕੁੱਲ ਮਿਲਾ ਕੇ ਇਹ ਪ੍ਰਾਜੈੱਕਟ 300 ਕੰਪਨੀਆਂ ਦੀ ਸਹਾਇਤਾ ਕਰੇਗਾ ਅਤੇ ਇਸ ਖ਼ੇਤਰ ਵਿਚ 1,100 ਨਵੀਆਂ ਸਕਿੱਲਡ ਨੌਕਰੀਆਂ ਪੈਦਾ ਕਰੇਗਾ।

ਏ.ਸੀ. ਜੰਪਸਟਾਰਟ ਉਚੇਰੀ ਟੈੱਕਨਾਲੌਜੀ ਵਾਲੇ ਉਤਸ਼ਾਹੀ ਵਿਉਪਾਰਕ ਅਦਾਰਿਆਂ ਲਈ ਇਕ ਇਨਕੁਬੇਸ਼ਨ ਤੇ ਮੈਂਟਰਸ਼ਿਪ ਪ੍ਰੋਗਰਾਮ ਹੈ। ਇਸ ਦੇ ਲਈ ਲੋੜੀਂਦੀਆਂ ਅਰਜ਼ੀਆਂ 7 ਜਨਵਰੀ 2019 ਤੱਕ ਕੋਹੌਰਟ 9 ਨੂੰ ਭੇਜੀਆਂ ਜਾ ਸਕਦੀਆਂ ਹਨ। ਅਰਜ਼ੀਆਂ ਦੇਣ ਬਾਰੇ ਅਤੇ ਹੋਰ ਵਧੇਰੇ ਜਾਣਕਾਰੀ ਲਈ 905-846-0076 ਜਾਂ soniasidhu@parl.gc.ca 'ਤੇ ਸੰਪਰਕ ਕਰੋ ਜਾਂ ਫਿਰ ਤੁਸੀਂ ਐੱਕਸਲਰੇਟਰ ਸੈਂਟਰ ਦੀ ਵੈੱਬਸਾਈਟ Accelerator Centre website 'ਤੇ ਵੀ ਜਾ ਸਕਦੇ ਹੋ।

# ਮਨਪ੍ਰੀਤ ਬਾਦਲ ਦੇ ਸਾਲੇ ਨੇ ਸੁਖਬੀਰ, ਹਰਸਿਮਰਤ ਤੇ ਮਜੀਠੀਆ ਦੇ ਖ਼ਿਲਾਫ਼ ਕਾਨੂੰਨੀ ਕੇਸ ਕੀਤਾ

*** ‘ਗੁੰਡਾ ਟੈਕਸ’ ਦੀ ਚਰਚਾ ਵਿਚ ਨਾਮ ਘੜੀਸਣ ਦਾ ਮਾਮਲਾ**

ਬਠਿੰਡਾ, 6 ਦਸੰਬਰ, (ਪੋਸਟ ਬਿਊਰੋ)- ਪੰਜਾਬ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਇੱਕ ਨੇੜਲੇ ਰਿਸ਼ਤੇਦਾਰ (ਸਾਲਾ) ਜੈਜੀਤ ਸਿੰਘ ਜੌਹਲ ਉਰਫ਼ ਜੋਜੋ ਨੇ ਅੱਜ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ, ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਤੇ ਹੋਰਨਾਂ ਦੇ ਖ਼ਿਲਾਫ਼ ਕਾਨੂੰਨੀ ਲੜਾਈ ਆਰੰਭ ਕਰ ਦਿੱਤੀ ਹੈ। ਉਨ੍ਹਾਂ ਸੀਨੀਅਰ ਅਕਾਲੀ ਲੀਡਰਾਂ ਦੇ ਖ਼ਿਲਾਫ਼ ਬਠਿੰਡਾ ਦੀ ਅਦਾਲਤ ਵਿੱਚ ਫ਼ੌਜਦਾਰੀ ਸ਼ਿਕਾਇਤ ਕੀਤੀ ਹੈ। ਰਿਫ਼ਾਇਨਰੀ ਦੇ ‘ਗੁੰਡਾ ਟੈਕਸ’ ਦੇ ਵਿਵਾਦ ਵਿੱਚ ਅਕਾਲੀ ਨੇਤਾਵਾਂ ਵੱਲੋਂ ਆਪਣਾ ਨਾਮ ਉਛਾਲੇ ਜਾਣ ਤੋਂ ਜੋਜੋ ਕਾਫੀ ਖਿਝੇ ਪਏ ਸਨ। ਬਠਿੰਡਾ ਦੀ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਅਦਾਲਤ ਵੱਲੋਂ 25 ਜਨਵਰੀ ਨੂੰ ਇਸ ਬਾਰੇ ਸੁਣਵਾਈ ਸ਼ੁਰੂ ਕੀਤੀ ਜਾਵੇਗੀ।

ਮਿਲੀ ਜਾਣਕਾਰੀ ਅਨੁਸਾਰ ਮਨਪ੍ਰੀਤ ਸਿੰਘ ਬਾਦਲ ਦੀ ਸਹਿਮਤੀ ਲੈਣ ਦੇ ਬਾਅਦ ਹੀ ਜੈਜੀਤ ਜੌਹਲ ਨੇ ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੀ ਕੇਂਦਰੀ ਮੰਤਰੀ ਪਤਨੀ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਖ਼ਿਲਾਫ਼



ਇਹ ਲੜਾਈ ਸ਼ੁਰੂ ਕੀਤੀ ਹੈ। ਇਸ ਤੋਂ ਪਹਿਲਾਂ ਬਾਦਲ ਪਰਵਾਰ ਵਿੱਚ ਸ਼ਰੀਕਾਂ ਦੀ ਸਿਆਸੀ ਜੰਗ ਚੱਲਦੀ ਸੀ, ਪਰ ਅੱਜ ਦੀ ਇਸ ਕਾਰਵਾਈ ਨਾਲ ਕਾਨੂੰਨੀ ਲੜਾਈ ਵੀ ਸ਼ੁਰੂ ਹੋ ਗਈ ਹੈ।

ਅੱਜ ਏਥੇ ਜ਼ਿਲ੍ਹਾ ਅਦਾਲਤੀ ਕੰਪਲੈਕਸ ਵਿਚ ਜੈਜੀਤ ਜੌਹਲ ਕੁਝ ਕਾਂਗਰਸੀ ਨੇਤਾਵਾਂ ਨਾਲ ਆਏ ਅਤੇ ਐਡਵੋਕੇਟ ਸੰਦੀਪ ਬਾਘਲਾ ਦੇ ਰਾਹੀਂ ਇਹ ਕੇਸ ਦਾਇਰ ਕੀਤਾ। ਪਤਾ ਲੱਗਾ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਅਤੇ ਇਕ ਪੰਜਾਬੀ ਨਿਊਜ਼ ਚੈਨਲ ਦੇ ਪ੍ਰਬੰਧਕ ਦੇ ਖ਼ਿਲਾਫ਼ ਇਹ ਫ਼ੌਜਦਾਰੀ ਸ਼ਿਕਾਇਤ ਕੀਤੀ ਗਈ ਹੈ। ਜੈਜੀਤ ਜੌਹਲ ਨੇ ਕਿਹਾ ਕਿ ਉਹ ਮਾਣਹਾਨੀ ਦੇ ਬਦਲੇ 10 ਕਰੋੜ ਰੁਪਏ ਦੇ ਮੁਆਵਜ਼ੇ ਦਾ ਵੱਖਰਾ ਕੇਸ ਦਾਇਰ ਕਰ ਰਹੇ ਹਨ। ਉਨ੍ਹਾ ਕਿਹਾ ਕਿ ਕੇਸ ਵਾਸਤੇ ਕਾਗ਼ਜ਼ਾਤ ਤਿਆਰ ਕਰਨ ਤੇ ਕੁਝ ਦਿਨ ਬਾਹਰ ਹੋਣ ਕਾਰਨ ਉਨ੍ਹਾਂ ਨੂੰ ਕੇਸ ਕਰਨ ਵਿਚ ਦੇਰੀ ਹੋਈ ਹੈ। ਜੋਜੋ ਨੇ ਕਿਹਾ ਕਿ ਬਾਦਲਾਂ ਨਾਲ ਕੋਈ ਸਮਝੌਤਾ ਕਰਨ ਨਾਲੋਂ ਉਹ ਪਿੰਡ ਖੇਤੀ ਕਰਨ ਨੂੰ ਵੀ ਪਹਿਲ ਦੇਣਗੇ। ਜੌਹਲ ਦੇ ਵਕੀਲ ਐਡਵੋਕੇਟ ਸੰਦੀਪ ਬਾਘਲਾ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਕੇਸ ਵਿਚ ਕੈਦ ਦੀ ਸਜ਼ਾ ਮੰਗੀ ਹੈ ਅਤੇ 10 ਕਰੋੜ ਰੁਪਏ ਦੇ ਮੁਆਵਜ਼ੇ ਲਈ ਵੱਖਰੀ ਸਿਵਲ ਰਿੱਟ ਦਾਇਰ ਕਰਨਗੇ।

# ਦਿਆਲ ਸਿੰਘ ਕੋਲਿਆਂਵਾਲੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਮੁੜ ਰੱਦ

ਐਸ ਏ ਐਸ ਨਗਰ (ਮੁਹਾਲੀ), 6 ਦਸੰਬਰ, (ਪੋਸਟ ਬਿਊਰੋ)- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ ਦੇ ਸਾਬਕਾ ਮੈਂਬਰ ਅਤੇ ਪੰਜਾਬ ਐਗਰੋ ਇੰਡਸਟਰੀ ਕਾਰਪੋਰੇਸ਼ਨ ਦੇ ਸਾਬਕਾ ਚੇਅਰਮੈਨ ਦਿਆਲ ਸਿੰਘ ਕੋਲਿਆਂਵਾਲੀ ਦੀ ਮੁਸ਼ਕਲ ਫਿਰ ਵਧ ਗਈ ਹੈ। ਮੁਹਾਲੀ ਅਦਾਲਤ ਨੇ ਉਨ੍ਹਾਂ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ।

ਦਿਆਲ ਸਿੰਘ ਕੋਲਿਆਂਵਾਲੀ ਦੇ ਖ਼ਿਲਾਫ਼ ਮੁਹਾਲੀ ਦੇ ਵਿਜੀਲੈਂਸ ਥਾਣੇ ਵਿਚ ਬੀਤੀ ਇਕ ਜੁਲਾਈ ਨੂੰ ਆਮਦਨ ਦੇ ਜਾਣੇ ਜਾਂਦੇ ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਵੱਲੋਂ 4 ਦਸੰਬਰ ਨੂੰ ਮੁਹਾਲੀ ਦੀ ਜ਼ਿਲ੍ਹਾ ਤੇ ਸੈਸ਼ਨ ਅਦਾਲਤ ਵਿਚ ਅਗਾਊਂ ਜ਼ਮਾਨਤ ਲਈ ਦਿੱਤੀ ਅਰਜ਼ੀ ਅੱਜ ਰੱਦ ਹੋ ਗਈ ਹੈ। ਇਸ ਤੋਂ ਪਹਿਲਾਂ 18 ਜੁਲਾਈ ਨੂੰ ਮੁਹਾਲੀ ਦੀ ਹੇਠਲੀ ਅਦਾਲਤ ਨੇ ਉਨ੍ਹਾ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਕੁਝ ਕੁ ਦਿਨ ਪਹਿਲਾਂ ਸੁਪਰੀਮ ਕੋਰਟ ਨੇ ਕੋਲਿਆਂਵਾਲੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਕੇ ਉਨ੍ਹਾਂ ਦੀ ਗ੍ਰਿਫ਼ਤਾਰੀ ’ਤੇ ਸੱਤ ਦਿਨਾਂ ਦੀ ਰੋਕ ਲਾ ਦਿੱਤੀ ਤੇ ਉਨ੍ਹਾ ਨੂੰ ਮੁਹਾਲੀ ਦੀ ਅਦਾਲਤ ਵਿਚ ਅਰਜ਼ੀ ਦੇਣ ਨੂੰ ਕਿਹਾ ਸੀ। ਐੱਸ ਐੱਸ ਪੀ ਵਿਜੀਲੈਂਸ ਅਸ਼ੋਕ ਬਾਠ ਨੇ ਦੱਸਿਆ ਕਿ ਭ੍ਰਿਸ਼ਟਾਚਾਰ ਕੇਸ ਵਿਚ ਅਦਾਲਤ ਨੇ ਦਿਆਲ ਸਿੰਘ ਕੋਲਿਆਂਵਾਲੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਕੋਲਿਆਂਵਾਲੀ ਦੀ ਗ੍ਰਿਫ਼ਤਾਰੀ ’ਤੇ ਸੁਪਰੀਮ ਕੋਰਟ ਵੱਲੋਂ 7 ਦਸੰਬਰ ਤੱਕ ਸਟੇਅ ਆਰਡਰ ਹਨ, ਉਸ ਤੋਂ ਬਾਅਦ ਇਸ ਅਕਾਲੀ ਆਗੂ ਦੀ ਗ੍ਰਿਫ਼ਤਾਰੀ ਲਈ ਯਤਨ ਆਰੰਭ ਕੀਤੇ ਜਾਣਗੇ।

# ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਟਰੱਸਟ ਤੋਂ ਕਾਂਗਰਸ ਨੂੰ ਕੱਢੇ ਜਾਣ ਦਾ ਰਾਹ ਪੱਧਰਾ

ਨਵੀਂ ਦਿੱਲੀ, 6 ਦਸੰਬਰ, (ਪੋਸਟ ਬਿਊਰੋ)- ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਟਰੱਸਟ ਨੂੰ ਚਲਾਉਣ ਵਾਲੇ ਟਰੱਸਟ ਨੂੰ ਗ਼ੈਰ-ਸਿਆਸੀ ਬਣਾਉਣ ਦੀ ਤਜਵੀਜ਼ ਉੱਤੇ ਕੇਂਦਰ ਸਰਕਾਰ ਨੇ ਅੱਜ ਵੀਰਵਾਰ ਨੂੰ ਮੋਹਰ ਲਾ ਦਿੱਤੀ ਹੈ। ਕਾਂਗਰਸ ਦੇ ਆਗੂ ਇਸ ਟਰੱਸਟ ਲਈ ਭਵਿੱਖ ਵਿੱਚ ਲੋਕ ਸਭਾ ’ਚ ਵਿਰੋਧੀ ਧਿਰ ਦਾ ਨੇਤਾ ਜਾਂ ਸਭ ਤੋਂ ਵੱਡੀ ਪਾਰਟੀ ਦੇ ਆਗੂ ਵਜੋਂ ਹੀ ਮੈਂਬਰ ਬਣ ਸਕਣਗੇ। ਇਸ ਲਈ ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਐਕਟ 1951 ਵਿੱਚ ਸੋਧ ਕਰਨੀ ਪਵੇਗੀ ਤੇ 11 ਦਸੰਬਰ ਤੋਂ ਸ਼ੁਰੂ ਹੋ ਰਹੇ ਸਰਦ ਰੁੱਤ ਸੈਸ਼ਨ ਵਿੱਚ ਸਰਕਾਰ ਇਸ ਸੋਧ ਦਾ ਮਤਾ ਲਿਆ ਸਕਦੀ ਹੈ।



2013 ਵਿੱਚ ਵਰਿੰਦਰ ਕਟਾਰੀਆ, ਅੰਬਿਕਾ ਸੋਨੀ ਤੇ ਹਰਵਿੰਦਰ ਸਿੰਘ ਹੰਸਪਾਲ ਪੰਜ ਸਾਲ ਲਈ ਨਾਮਜ਼ਦ ਕੀਤੇ ਗਏ ਸਨ।

ਕੇਂਦਰੀ ਸਰਕਾਰ ਦੇ ਅੱਜ ਦੇ ਫ਼ੈਸਲੇ ਬਾਰੇ ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਸ਼ਾਇਦ ਇੱਕੋ-ਇਕ ਅਜਿਹਾ ਟਰੱਸਟ ਸੀ, ਜਿਸ ਵਿਚ ਮੈਂਬਰ ਸਿਰਫ਼ ਇੱਕ ਪਾਰਟੀ ਤੋਂ ਹੁੰਦਾ ਸੀ ਤੇ ਕੇਵਲ ਇਕ ਸਿਆਸੀ ਪਾਰਟੀ ਦੀ ਇਸ ਵਿਚ ਸੀਟ ਗ਼ਲਤ ਸੀ। ਇਕ ਬਿਆਨ ਵਿੱਚ ਜੇਤਲੀ ਨੇ ਕਿਹਾ ਕਿ ਅੱਜ ਦੇ ਫ਼ੈਸਲੇ ਦਾ ਉਦੇਸ਼ ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਐਕਟ 1951 ਵਿੱਚ ਲੋੜੀਂਦੀ ਸੋਧ ਕਰਨੀ ਹੈ ਤਾਂ ਕਿ ਟਰੱਸਟ ਦੇ ਮੈਂਬਰ ਵਜੋਂ ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਜਾਂ ਵਿਰੋਧੀ ਧਿਰ ਦੀ ਸਭ ਤੋਂ ਵੱਡੀ ਪਾਰਟੀ ਦੇ ਨੇਤਾ ਨੂੰ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਆਧਾਰਤ ਮੈਂਬਰੀ ਖ਼ਤਮ ਹੋਣ ਨਾਲ ਟਰੱਸਟ ਗ਼ੈਰ-ਸਿਆਸੀ ਹੋ ਜਾਵੇਗਾ ਅਤੇ ਸੋਧਿਆ ਹੋਇਆ ਟਰੱਸਟ ਇਸ ਦੇਸ਼ ਦੀਆਂ ਵਿਰੋਧੀ ਪਾਰਟੀਆਂ ਦੀ ਨੁਮਾਇੰਦਗੀ ਯਕੀਨੀ ਕਰੇਗਾ। ਇਸ ਨਾਲ ਸਰਕਾਰ ਦੇ ਹੱਥਾਂ ’ਚ ਉਹ ਸ਼ਕਤੀ ਆ ਜਾਵੇਗੀ, ਜਿਸ ਨਾਲ ਕਿਸੇ ਮੈਂਬਰ ਨੂੰ ਟਰੱਸਟ ਤੋਂ ਕੱਢ ਕੇ ਉਸ ਦੀ ਥਾਂ ਦੂਜੇ ਮੈਂਬਰ ਨੂੰ ਰੱਖ ਸਕੇਗੀ। ਉਹ ਟਰੱਸਟ ਦੇ ਕੰਮ-ਕਾਰ ਵਿਚ ਹਿੱਸਾ ਲੈ ਸਕੇਗੀ।

ਮੌਜੂਦਾ ਪ੍ਰਬੰਧ ਵਿੱਚ ਪ੍ਰਧਾਨ ਮੰਤਰੀ ਜੱਲ੍ਹਿਆਂਵਾਲਾ ਬਾਗ਼ ਕੌਮੀ ਯਾਦਗਾਰ ਟਰੱਸਟ ਦੇ ਮੁਖੀ ਹੋਇਆ ਕਰਦੇ ਹਨ। ਕਾਂਗਰਸ ਪ੍ਰਧਾਨ, ਸੱਭਿਆਚਾਰ ਬਾਰੇ ਮੰਤਰੀ, ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ, ਪੰਜਾਬ ਦਾ ਗਵਰਨਰ ਅਤੇ ਮੁੱਖ ਮੰਤਰੀ ਇਸ ਦੇ ਮੈਂਬਰ ਹੁੰਦੇ ਹਨ। ਸੱਭਿਆਚਾਰਕ ਮੰਤਰਾਲੇ ਦੀ ਸਾਈਟ ਮੁਤਾਬਕ










# ਅੰਤਿਹਕਰਣ

ਅਜੀਤ ਸਿੰਘ ਰੱਖੜਾ 905 794 7882

ਅੰਤਿਹਕਰਣ ਇਨਸਾਨੀ ਵਜੂਦ ਦਾ ਇਕ ਬਹੁਤ ਹੀ ਅਹਿਮ ਅਤੇ ਸੰਵੇਦਨਸ਼ੀਲ ਹਿਸਾ ਹੈ ਜਿਸਦੀ ਰੂਪਰੇਖਾ ਜਾਂ ਸਰੀਰ ਵਿਚ ਕਿਸੇ ਖਾਸ ਜਗਾਹ ਹੋਣ ਦੀ ਨਿਸ਼ਾਨ ਦੇਹੀ ਨਹੀਂ ਹੋ ਸਕੀ।ਇਹ ਹਿਰਦੇ ਦਾਹਿਸਾ ਹੈ ਪਰ ਹਿਰਦਾ ਵੀ ਅਣਪਛਾਤਾਹੀ ਹੈ।ਹਿਰਦੇ ਦਾ ਥੋਹੜਾ ਬਹੁਤ ਆਭਾਸ ਦਿਲ ਨਾਲ ਜੁੜਦਾ ਹੈ। ਜਦ ਕੋਈ ਸਜਣ ਕਹੇ ਕਿ ਮੇਰਾ ਦਿਲ (ਮਨ ਜਾਂ ਹਿਰਦਾ) ਨਹੀਂ ਮੰਨਦਾ ਤਾਂ ਉਹ ਆਪਣਾ ਹਥ ਸ਼ਾਤੀ ਦੇ ਖਬੇ ਪਾਸੇ ਯਾਨੀ ਦਿਲ ਉਪਰ ਰਖਕੇ ਕਹਿੰਦਾ ਹੈ। ਹਾਂ ਦਿਲ ਜਰੂਰ ਇਕ ਸਰੀਰਕ ਪੁਰਜਾ ਹੈ ਜੋ ਸ਼ਾਤੀ ਦੇ ਖਬੇ ਹਥ ਹਮੇਸ਼ਾ ਧੜਕਦਾ ਰਹਿੰਦਾ ਹੈ। ਪਰ ਦਿਲ ਦਾ ਹਿਰਦੇ ਨਾਲ ਲੈਣ ਦੇਣ ਕੋਈ ਨਹੀਂ ਹੁੰਦਾ। ਗਲਤਸ਼ਬਦਾਵਲੀ ਦੀ ਅਚੇਤ ਵਰਤੋਂ ਕਾਰਣ ਦਿਲ ਅਤੇ ਹਿਰਦੇ ਦੇ ਮਤਲਬ ਰਲਗਡ ਹੋਏ ਪਏ ਹਨ। ਸਚ ਇਹ ਹੈ ਕਿ ਰੂਹ, ਹਿਰਦਾ ਅਤੇ ਅੰਤਹਿਕਰਣ ਸਰੀਰਕ ਮਨ ਦੇ ਵਖ ਵਖ ਰੂਪ ਹਨ। ਕੇਵਲਅਣਪਛਾਤਾ ਮਨ ਹੀ ਸਭ ਕੁਝ ਦਾ ਜਮਾ ਜੋੜ ਹੈ। ਸਰੀਰ, ਕੰਪਿਓਟਰ ਦੀ ਨਿਆਈ ਇਕ ਪਦਾਰਥਿਕ ਇਕਾਈ ਹੈ ਅਤੇ ਮਨ ਇਸਦੇ ਸਾਫਟਵੇਅਰ (ਡਾਟਾ) ਦੀ ਤਰ੍ਹਾਂ ਗੈਰ ਪਦਾਰਥਿਕ ਖਲਾਰਾ ਹੈ। ਆਤਮਾਨੂੰ ਅਸੀਂਕੰਪਿਓਟਰ ਦੀ ਬੈਟਰੀ ਨਾਲ ਤਸ਼ਬੀਹ ਦੇ ਸਕਦੇ ਹਾਂ।ਦਸ ਦੇਣਾ ਮੁਨਾਸਿਬ ਰਹੇਗਾ ਕਿ ਆਤਮਾ ਦੀ ਤਸ਼ਬੀਹ ਬੈਟਰੀ ਨਾਲ ਦਿਤੀ ਜਰੂਰ ਗਈ ਹੈ ਪਰ ਇਹ ਕੇਵਲ ਬੈਟਰੀ ਨਹੀਂ ਸਗੋਂ ਸਾਡੇ ਸਾਰੇ ਵਜੂਦ ਦਾ ਨਿਚੋੜ ਹੁੰਦੀ ਹੈ। ਅੰਤਿਹਕਰਣ ਸਾਡੀ ਆਤਮਾ ਨਾਲ ਬਹੁਤ ਨਜ਼ਦੀਕੀ ਨਾਲ ਜੁੜਿਆ ਪਿਆ ਹੈ। ਇਕ ਤਰ੍ਹਾ ਨਾਲ ਇਹ ਆਤਮਾ ਦਾ ਹੀ ਰੂਪਹੈ।ਅੰਤਿਹਕਰਣ ਨੂੰ ਅੰਗਰੇਜੀ ਵਿਚ ਕੰਸੀਅਸਨੈਸ ਕਿਹਾ ਜਾਂਦਾ ਹੈ। ਦਸਣਾ ਬਣਦਾ ਹੈ ਕਿ ਅੰਤਿਹਕਰਣ ਦੇ ਬਰਾਬਰ ਦਾ ਇਹ ਲਫਜ਼ ਹੈ ਨਹੀਂ ਪਰ ਜੇ ਇਸ ਨੂੰ ਐਨਾਲੈਟਿਕਕੰਸ਼ੀਅਸਨੈਸ ਕਿਹਾ ਜਾਵੇ ਤਾਂ ਗਲ ਬਣਦੀ ਹੈ। ਅੰਤਹਿਕਰਣ ਦੀ ਤਸ਼ਬੀਹ ਸੁਪਰੀਮ ਕੋਰਟ ਨਾਲ ਦਿਤੀ ਜਾਵੇ ਤਾਂ ਵਧੇਰੇ ਗਲ ਉਘੜਦੀ ਹੈ। ਅੰਤਿਹਕਰਣ ਸਾਡੇ ਵਜੂਦ ਦਾ ਉਹ ਹਿਸਾ ਹੈ ਜਿਥੇ ਸਾਡੇ ਸਭ ਧਰਮਾ ਕਰਮਾ ਦਾ ਲੇਖਾ ਜੋਖਾ ਜਾਂ ਨਿਪਟਾਰਾ ਹੁੰਦਾ ਹੈ ਅਤੇ ਇਕ ਅਤੀ ਕੋਮਲਅਤੇ ਸਮੁਚੀ ਰਾਏ ਵਿਗਸਤ ਹੁੰਦੀ ਹੈ।

ਜਦ ਅਸੀਂ ਵੈਦਿਕ ਜਾਣਕਾਰੀ ਦੀ ਗਲ ਕਰਦੇ ਹਾਂ ਤਾਂ ਰੀੜ ਦੀ ਹਡੀ ਉਪਰ 7 ਚਕਰਾਂ ਦਾ ਜ਼ਿਕਰ ਮਿਲਦਾ ਹੈ। ਇਨ੍ਹਾ ਵਿਚੋਂ ਹਿਰਦੇ ਚਕਰ ਦਿਲ ਦੇ ਸਮਾਨਅੰਤਰ ਬਿਰਾਜਮਾਨ ਮੰਨਿਆ ਗਿਆ ਹੈ। ਲੇਖ ਦਾ ਮਕਸਦ ਅੰਤਿਹਕਰਣ ਨੂੰ ਪਛਾਨਣ ਦਾ ਹੈ।

ਅੰਤਿਹਕਰਣ ਸਾਡੀਆਂ ਸੰਪੂਰਣ ਜਾਣਕਾਰੀਆ ਦਾ ਗਿਆਤਾ ਅਤੇ ਹਰਦਮ ਸਾਡੇ ਕਰਮਾ ਨੂੰ ਦਿਸ਼ਾ ਨਿਰਦੇਸ਼ ਦੇਣ ਵਾਲਾ ਭਾਗ ਹੈ। ਜਿਵੇਂ ਸੰਸਾਰ ਵਿਚ ਰਾਜਨੀਤੀ ਕਰਨ ਲਈ ਸਭ ਮੁਲਕਾਂ ਨੇ ਆਪਣੀਆ ਆਪਣੀਆ ਅੰਬੈਸੀਆਂ ਦਾ ਅਯੋਜਿਨ ਦੂਸਰੇ ਮੁਲਕਾਂ ਵਿਚ ਕੀਤਾ ਹੋਇਆ ਹੈ, ਇਸੇ ਤਰ੍ਹਾ ਪ੍ਰਮਾਤਮਾ ਨੇ ਹਰ ਜੀਵ ਅੰਦਰ ਆਪਣੀ ਅੰਬੈਸੀ ਖੋਲ੍ਹ ਰਖੀ ਹੈ ਜਿਸਦਾ ਦਫਤਰ ਸਾਡੇ ਅੰਤਹਿਕਰਣ ਵਿਚ ਖੁਲਾ ਪਿਆ ਹੈ। ਜਦ ਵੀ ਕੋਈ ਕਰਮ ਕਰਨਾ ਹੋਵੇ ਤਾਂ ਅੰਤਿਹਕਰਣ ਵਿਚੋਂ ਉਸ ਬਾਰੇ ਕਰਨ ਜਾਂ ਨਾ ਕਰਨ ਦਾ ਫੁਰਮਾਨ ਜਾਰੀ ਹੁੰਦਾ ਹੈ। ਐਥੇ ਇਹ ਸਮਝਣਾ ਜਰੂਰੀ ਹੈ ਕਿ ਜਿਸ ਮੁਲਕ ਵਿਚ ਅੰਬੈਸੀ ਖੁਲੀ ਹੋਵੇ ਉਥੋਂ ਦੇ ਲੋਕ, ਉਥੋਂ ਦੀ ਪਾਰਲੀਮੈਂਟ ਦੇ ਹੁਕਮਾਂ ਮੁਤਾਬਿਕ ਹੀ ਚਲਦੇ ਹਨ ਪਰ ਅੰਬੈਸੀ ਆਪਣੇ ਮੁਲਕ ਦੇ ਪੱਖ ਲਈ ਸਤੱਰਕ ਜਰੂਰ ਰਹਿੰਦੀ ਹੈ, ਸਿੱਧਾ ਦਖਲ ਨਹੀਂ ਦੇ ਸਕਦੀ ਹੁੰਦੀ। ਇਸੇ ਤਰ੍ਹਾ ਪ੍ਰਮਾਤਮਾ ਦੀ ਅੰਬੈਸੀ ਵਿਚੋਂ ਆਏ ਫੁਰਮਾਨ ਅਮੂਮਨ ਅਣਗਾਉਲੇ ਕਰ ਦਿਤੇ ਜਾਂਦੇ ਹਨ। ਫਲਸਰੂਪ ਸਾਡੇ ਅੰਤਹਿਕਰਣ ਵਿਚ ਹੁਕਮ ਹਮੇਸ਼ਾ ਸਾਡੇ ਦੁਨਿਆਵੀ ਮਨ ਦਾ ਹੀ ਚਲਦਾ ਹੈ। ਕਹਿ ਸਕਦੇ ਹਾਂ ਕਿ ਇਨਹਾ ਦੋਨਾ ਹਿਸਿਆ ਵਿਚ ਇਕ ਤਰ੍ਹਾ ਦੀ ਲੜਾਈ ਅਮੂਮਨ ਚਲਦੀ ਰਹਿੰਦੀ ਹੈ। ਜੋ ਲੋਕ ਪ੍ਰਮਾਤਮਾ ਦੀ ਰਜਾ ਵਿਚ ਰਹਿਣ ਵਾਲੇ ਹੋਣ ਉਨ੍ਹਾ ਦਾ ਅੰਤਿਹਕਰਣ ਸ਼ਾਤ ਹੁੰਦਾ ਹੈ ਅਤੇ ਦੂਸਰੇ ਦੁਨਿਆਵੀ ਲੋਕਾਂ ਦਾ ਹਮੇਸ਼ਾ ਬੇਅਰਾਮ ਅਤੇ ਬੇਚੈਨ ਰਹਿੰਦਾ ਹੈ।ਇਸ ਲੜਾਈ ਦਾ ਅਖਾੜਾ ਸਾਡੇ ਸਿਰ ਵਿਚ ਹੁੰਦਾ ਹੈ ਜਿਸਨੂੰ ਦਿਮਾਗ ਕਿਹਾ ਜਾਂਦਾ ਹੈ। ਇਹ ਲੜਾਈ ਦਿਮਾਗ ਵਿਚ ਹੁੰਦੀ ਹੋਣ ਕਰਕੇ ਸਿਰ ਗਰਮ ਵੀ ਹੋ ਸਕਦੈ ਹੈ ਅਤੇ ਟੈਂਸ ਵੀ ਹੋ ਸਕਦਾ ਹੈ।

ਸਾਡੇ ਵਜੂਦ ਵਿਚ ਨੇਕੀ ਅਤੇ ਬਦੀ ਦੀ ਲੜਾਈ ਨਿਰੰਤਰ ਚਲਦੀ ਰਹਿੰਦੀ ਹੈ। ਦੁਨਿਆਵੀ ਮਨ ਇਕ ਤਰਫ ਅਤੇ ਅੰਤਿਹਕਰਣ ਦੂਸਰੀ ਤਰਫ। ਦੁਨਿਆਵੀ ਮਨ ਇਸ ਸੰਸਾਰ ਦੀ ਦੇਣ ਹੈ ਅਤੇ ਅੰਤਿਹਕਰਣ ਸਾਡੇ ਅਣਗਿਣਤ ਜਨਮਾ ਰਾਹੀਂ ਪਰਮਾਤਮਾ ਦੀ ਹਾਜਰੀ ਵਿਚ ਪ੍ਰਾਪਤ ਹੋਈ ਸੂਝ ਬੂਝ ਹੁੰਦੀ ਹੈ। ਇਨਸਾਨੀ ਸੂਝ ਵਿਚ ਪਰਮਾਤਮਾ ਦੀ ਸੂਝ ਦਾ ਅੰਸ਼ ਵਧੇਰੇ ਹੁੰਦਾ ਹੈ ਅਤੇ ਸੰਸਾਰਕ ਮਨ ਵਿਚ ਮੂਰਖਤਾਵਾਂ ਦਾ ਅੰਸ਼ ਵਧੇਰੇ ਹੁੰਦਾ ਹੈ। ਬੰਦੇ ਨੂੰ ਇਕ ਗਲ ਦੀ ਜੇ ਸਮਝ ਲਗ ਜਾਵੇ ਤਾਂ ਬਹੁਤ ਕੁਝ ਸੌਖਾ ਹੋ ਜਾਂਦਾ ਹੈ। ਉਹ ਗਲ ਪਰਮਾਤਮਾ ਦੇ ਸਿਸਟਮ ਨੂੰ ਸਮਝਣ ਦੀ ਹੈ। ਸਮਝਣ ਵਾਲੀ ਗਲ ਇਹ ਵੇ ਕਿ ਜੋ ਵੀ ਅਜਤਕ ਸੰਸਾਰ ਵਿਚ ਰਾਜਨੀਤਕ ਸਿਸਟਮ ਹੋਂਦ ਵਿਚ ਆਏ ਹਨ ਇਹ ਸਭ ਪਰਮਾਤਮਾ ਦੇ ਸਿਸਟਮਾ ਦੀ ਨਕਲ ਹਨ।ਰਜਵਾੜਾ ਸ਼ਾਹੀ, ਲੋਕ ਤੰਤਰ ਅਤੇ ਡਿਕਟੇਟਰਸ਼ਿਪ ਇਹ ਸਭ ਪਰਮਾਤਮਾ ਦੇ ਸਿਲਸਿਲੇ ਚਲਦੇ ਆ ਰਹੇ ਹਨ। ਕੁਲ ਕਾਇਨਾਤ ਵਿਚ ਪਰਮਾਤਮਾ ਇਕ ਡਿਕਟੇਟਰ ਹੈ, ਪਰ ਉਹ ਭਗਤਾਂ ਦੀ ਗਣਨਾ ਮੁਤਾਬਿਕ ਕਾਰਜ ਕਰਦਾ ਹੈ। ਰੱਬ ਦੇ ਰੰਗਾ ਵਿਚ ਰਹਿਣ ਵਾਲਿਆ ਲਈ ਉਹ ਇਕ ਹਰਮਨ ਪਿਆਰਾ ਰਜਵਾੜਾ ਹੈ ਪਰ ਮੂਰਖਾਂ ਨੂੰਇਹ ਠੀਕ ਨਹੀਂ ਲਗਦਾ ਹੁੰਦਾ। ਉਹ ਮਨਮਤ ਯਾਨੀ ਗਣਤੰਤਰ ਦੇ ਮਦਈ ਰਹਿੰਦੇ ਹਨ ਫਲਸਰੂਪ ਅਜ ਤਕਰੀਬਨ ਕੁਲ ਸੰਸਾਰ ਵਿਚ ਗਣਤੰਤਰ ਚਲ ਰਿਹਾ ਹੈ।ਤੁਸੀ ਇਸ ਜਾਣਕਾਰੀ ਨਾਲ ਹੈਰਾਨ ਹੋ ਜਾਵੋਗੇ ਕਿ ਗਣਤੰਤਰ ਜਦ ਹੋਂਦ ਵਿਚ ਆਇਆ ਸੀ ਤਾਂ ਉਹ ਅਜੋਕੀ ਕਿਸਮ ਦਾ ਨਹੀਂ ਸੀ। ਉਦੋਂ, ਕੁਝ ਕੁ ਬਹੁਤ ਸਮਝਦਾਰ ਲੋਕਾਂ ਦੀਆ ਵੋਟਾਂ ਨਾਲ ਲੀਡਰ ਚੁਣਿ-ਆ ਜਾਂਦਾ ਸੀ। ਨਾ ਉਦੋਂ ਔਰਤਾਂ ਅਤੇ ਨਾ ਹੀ ਕੰਮ ਕਾਜੀ ਲੋਕਾਂ ਨੂੰ ਵੋਟਾਂ ਦਾ ਅਧਿਕਾਰ ਸੀ। ਕੇਵਲ ਉਹੀ ਲੋਕ ਵੋਟਾਂ ਪਉਂਦੇ ਸਨ ਜਿਨਹਾ ਨੂੰ ਚੰਗੇ ਅਤੇ ਬੁਰੇ ਦੀ ਪਹਿਚਾਣ ਹੋਵੇ। ਪਰ ਬਾਅਦ ਵਿਚ ਇਸ ਸਿਸਟਮ ਵਿਚ ਵਿਗਾੜ ਆਇਆ ਅਤੇ ਹੁਣ ਜੀਹਦੇ ਵਿਚ ਵੀ ਪ੍ਰਾਣ ਹਨ, ਉਹ ਵੋਟ ਪਉਣ ਦਾ ਅਧਿਕਾਰੀ ਹੈ।ਸਮਾ ਆ ਰਿਹਾ ਹੈ ਕਿ ਵੋਟ ਦਾ ਅਧਿਕਾਰ ਪਾਲਤੂ ਜਾਨਵਰਾਂ ਤਕ ਨੂੰ ਮਿਲਣ ਬਾਰੇ ਲੋਕ ਕਹਿਣਗੇ। ਅੱਖਾ ਮੀਟਕੇ ਸੋਚੇ ਕਿ ਜਿਨ੍ਹਾ ਲੋਕਾਂ ਨੂੰ ਕੋਈ ਰਾਜਨੀਤਕ ਗਿਆਨ ਨਹੀਂ, ਕਿਸੇ ਉਮੀਦਵਾਰ ਬਾਰੇ ਇਹ ਵੀ ਨਾ ਪਤਾ ਹੋਵੇ ਕਿ ਉਹ ਕੌਣ ਹੈ, ਐਸੇ ਲੋਕ ਉਸ ਬੰਦੇ ਬਾਰੇ ਫੈਸਲਾ ਕਰਨ ਦਾ ਹੱਕ ਕਿਵੇਂ ਰਖਦੇ ਹੋ ਸਕਦੇ ਹਨ। ਇਸੇ ਤਰ੍ਹਾ ਦੀ ਦੁਨੀਆ ਦਾਰੀ ਸਾਡੇ ਮਨ ਅਤੇ ਅੰਤਿਹਕਰਣ ਵਿਚਕਾਰ ਚਲਦੀ ਰਹਿੰਦੀ ਹੈ। ਸਰੀਰ ਕੋਲੋਂ ਸਾਡਾ ਦੁਨਿਆਵੀ ਮਨ ਧੱਕੇ ਨਾਲ ਬਹੁਤ ਕੁਝ ਕਰਵਾ ਲੈਂਦਾ ਹੈ।




ਆਓ ਅੰਤਿਹ ਕਰਣ ਦੇ ਦਰਸ਼ਣ ਕਰੀਏ:

1- ਜਦ ਕੋਈ ਕੰਮ ਕਰਨ ਬਾਅਦ ਜਾਂ ਕੋਈ ਫੈਸਲਾ ਕਰਨ ਬਾਅਦ ਤੁਹਾਨੂੰ ਪਛਤਾਵਾ ਹੋ ਜਾਵੇ ਜਾਂ ਇਕ ਅਸੰਤੁਸ਼ਟੀ ਦਾ ਅਹਿਸਾਸ ਬਣ ਜਾਵੇ ਤਾਂ ਇਹ ਅੰਤਿਹਕਰਣ ਵਿਚ ਨਾ ਮਨਜ਼ੂਰ ਹੋਣ ਦਾ ਪ੍ਰਤੀਕਰਮ ਹੁੰਦਾ ਹੈ। ਜਿਸ ਕੰਮ ਕਰਨ ਨਾਲ ਇਕ ਡੂੰਘੀ ਤਸੱਲੀ ਅਤੇ ਇਕ ਮਿਠੀ ਸ਼ਾਂਤੀ ਦਾ ਅਹਿਸਾਸ ਹੋ ਜਾਵੇ ਉਹ ਅੰਤਿਹਕਰਣ ਵਲੋਂ ਅਸ਼ੀਰਵਾਦ ਦਾ ਪੈਗਾਮ ਹੁੰਦਾ ਹੈ। ਅਜਿਹਾ ਅਨੰਦ ਅਮੂਮਨ ਕਿਸੇ ਅਧਿਆਤਮਿਕ ਪ੍ਰਾਪਤੀ ਹੋ ਜਾਣ ਨਾਲ, ਕੋਈ ਸਮਾਜ ਸੇਵਾ ਕਰਨ ਨਾਲ ਜਾਂ ਕਿਸੇ ਪਿਆਰੇ ਵਲੋਂ ਸਹਿਮਤੀ ਦਾ ਇਜ਼ਹਾਰ ਮਿਲਣ ਬਾਅਦ ਪ੍ਰਾਪਤ ਹੁੰਦਾ ਹੈ।

2- ਜਦ ਤੁਸੀ ਕੋਈ ਕਹਾਣੀ ਸੁਣ ਰਹੇ ਹੋਵੋ, ਕਿਸੇ ਬਾਰੇ ਚਰਚਾ ਸੁਣ ਰਹੇ ਹੋਵੋ ਜਾਂ ਕੋਈ ਕਲਾਤਮਿਕ ਸੁੰਦਰਤਾ ਦੇ ਦਰਸ਼ਣ ਕਰ ਰਹੇ ਹੋਵੋ ਪਰ ਤੁਹਾਡੇ ਅੰਦਰਨਾਹ ਪੱਖੀ ਵਿਚਾਰ ਚਲਣ ਲਗ ਪੈਣ ਤਾਂ ਸਮਝੋ ਇਹ ਸਭ ਕੁਝ ਤੁਹਾਡੇ ਅੰਤਹਿਕਰਣ ਨੂੰ ਮੰਨਜ਼ੂਰ ਨਹੀਂ ਹੋ ਰਿਹਾ। ਇਸਨੂੰ ਝਟ ਬੰਦ ਕਰ ਦੇਣਾ ਚਾਹੀਦਾ ਹੈ। ਵਰਨਾ ਇਕ ਸਿਰ ਦਰਦੀ ਪੈਦਾ ਹੋ ਜਾਵੇਗੀ। ਸਾਡੇ ਅੰਤਿਹਕਰਣ ਵਿਚ ਹਰ ਸੁਹਜ ਦੀ ਹਰ ਸੁਆਦ ਦੀ ਅਤੇ ਹਰ ਸੁੰਦਰਤਾ ਦੇ ਨਿਰੀਖਣਵਾਸਤੇ ਇਕ ਪੈਮਾਨਾ ਬਣ ਚੁਕਾ ਹੁੰਦਾ ਹੈ। ਤੁਸੀਂ ਭਾਵੇਂ ਕਲਾਕਾਰ ਨਹੀ ਵੀ ਹੋ ਤਾਂ ਵੀ ਉਸ ਕਲਾਕਾਰੀ ਦਾ ਮਾਪ ਦੰਡ ਤੁਹਾਡੇ ਅੰਤਿਹਕਰਣ ਵਿਚ ਸਥਾਪਤ ਹੋ ਚੁਕਾ ਹੁੰਦਾ ਹੈ।ਤੁਸੀਂ ਉਸ ਕਲਾ ਕ੍ਰਿਤ ਵਿਚ ਨੁਕਸ ਕਢ ਸਕਣ ਦੇ ਸਮਰੱਥ ਹੁੰਦੇ ਹੋ।

3- ਤੁਸੀਂ ਕਿਸੇ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਸੁਣ ਰਹੇ ਹੋ, ਕੋਈ ਤਮਾਸ਼ਾ ਵੇਖ ਰਹੇ ਹੋ ਜਾਂ ਕੋਈ ਸਕੀਮ ਬਣਦੀ ਦੇ ਚਸ਼ਮਦੀਦ ਹੋ ਤਾਂ ਨਾਲ ਨਾਲ ਤੁਸੀ ਇਕ ਅਜਿਹਾ ਅਹਿਸਾਸ ਵੀ ਕਰ ਰਹੇ ਹੁੰਦੇ ਹੋ ਜੋ, 'ਉਸ ਸੰਧਰਬ ਵਿਚ ਮੈਂ ਕਿਥੇ ਹਾਂ' ਦਾ ਸਾਖਸ਼ੀ ਬਣ ਰਿਹਾ ਹੁੰਦਾ ਹੈ।ਕਿਸੇ ਬੰਦੇ ਦਾ ਨਾਮ ਸੁਣੋ ਤਾਂ ਉਸ ਨਾਮ ਦੇ ਤੁਹਾਡੇ ਆਪਣੇ ਬੰਦੇ ਦੀ ਫੋਟੋ ਮੂਹਰੇ ਆ ਜਾਦੀ ਹੈ। ਕਿਸੇ ਅਪਾਹਜ ਬੰਦੇ ਦੇ ਦਰਸ਼ਣ ਕਰੋ ਤਾਂ ਤੁਸੀ ਇਕ ਸੰਤੁਸ਼ਟੀ ਮਹਿਸੂਸ ਕਰਦੇ ਹੋ ਕਿ ਸ਼ੁਕਰ ਹੈ ਮੈਂ ਅਜਿਹਾ ਨਹੀਂ ਹਾਂ। ਬੋਲਦੇ ਸਮੇ ਅਮੂਮਨ ਲੋਕ ਕਿਸੇ ਗਲ ਦੀ ਪੁਸ਼ਟੀ ਕਰਨ ਲਈ ਆਪਣੀ ਨਿਜੀ ਸਟੋਰੀ ਦਸਣ ਲਗ ਜਾਣਗੇ। ਮੇਰੇ ਬਾਪ ਨੇ ਮੈਨੂੰ ਇਹ ਕਿਹਾ ਸੀ ਜਾਂ ਮੇਰੀ ਮਾਂ ਇਸ ਤਰ੍ਹਾਂ ਕਹਿੰਦੀ ਹੁੰਦੀ ਸੀ। ਇਹ ਸਭ ਸੁਨੇਹੇ ਸਾਡਾ ਅੰਤਿਹਕਰਣ ਸਾਡੇ ਚੇਤੰਨ ਖਿਆਲਾ ਵਿਚ ਭੇਜਦਾ ਹੈ।

4- ਤੁਸੀ ਕੋਈ ਫੈਸਲਾ ਕਰਨਾ ਹੈ, ਕੋਈ ਵਸਤੂ ਚੁਣਨੀ ਹੈ ਜਾਂ ਕੋਈ ਰਾਏ ਦੇਣੀ ਹੈ, ਉਸ ਸਮੇ ਤੁਸੀਂ ਇਕ ਡੂੰਘਾ ਸਾਹ ਲੈਂਦੇ ਹੋ, ਅੱਖਾ ਮੀਟਦੇ ਹੋ ਜਾਂ ਆਪਣੇ ਚਿਹਰੇ ਉਪਰ ਹਥ ਫੇਰਦੇ ਹੋ। ਇਸ ਤਰ੍ਹਾ ਦਾ ਲਿਆ ਗਿਆ ਵਕਫਾ, ਅਤਿਹਕਰਣ ਵਿਚ ਟੁਭੀ ਮਾਰਣ ਲਈ ਹੁੰਦਾ ਹੈ। ਤੁਸੀਂ ਕਿਸੇ ਕੋਰਟ ਦੀ ਕਿਰਿਆਸ਼ੀਲਤਾ ਨੂੰ ਧਿਆਨ ਨਾਲ ਵੇਖੋ ਤਾਂ ਪਾਓਗੇ ਕਿ ਜਦ ਸਰਕਾਰੀ ਵਕੀਲ ਅਤੇ ਡੀਫੈਂਸ ਦੇ ਵਕੀਲ ਦੀ ਬਹਿਸ ਖਤਮ ਹੁੰਦੀ ਹੈ ਤਾਂ ਅਮੂਮਨ ਜੱਜ ਉਠਕੇ ਆਪਣੇ ਨਾਲ ਦੇ ਕਮਰੇ ਵਿਚ ਚਲੇ ਜਾਂਦਾ ਹੈ। ਥੋਹੜੀ ਦੇਰ ਬਾਅਦ ਜਾਂ ਚਾਹ ਦਾ ਕੱਪ ਪੀਣ ਬਾਅਦ ਵਾਪਿਸ ਆਕੇ ਆਪਣਾ ਫੈਸਲਾ ਦੇਂਦਾ ਹੈ। ਇਹ ਵਕਫਾ, ਵਕੀਲਾ ਕੋਲੋਂ ਸੁਣੀ ਗਲਬਾਤ ਨੂੰ ਆਪਣੇ ਅੰਤਹਿਕਰਣ ਤਕ ਭੇਜਕੇ, ਉਥੋਂ ਸਹੀ ਪ੍ਰਤੀਕਰਮ ਲਭਣ ਲਈ ਜੱਜ ਲਿਆ ਕਰਦਾ ਹੈ।

5- ਜਿਵੇਂ ਸਾਡਾ ਦਿਲ ਹਮੇਸ਼ਾ ਧੜਕਦਾ ਰਹਿੰਦਾ ਹੈ, ਇਵੇਂ ਹੀ ਸਾਡਾ ਅੰਤਿਹਕਰਣ ਵੀ ਕਦੇ ਸੌਂਦਾ ਨਹੀਂ। ਇਹ ਹਮੇਸ਼ਾ ਚੇਤਨ ਰਹਿੰਦਾ ਹੈ। ਤੁਸੀਂ ਸੁਤੇ ਪਏ ਹੋ ਤਾਂ ਵੀ ਇਹ ਆਪਣਾ ਕੰਮ ਕਰਦਾ ਰਹਿੰਦਾ ਹੈ। ਮਿਸਾਲ ਲਈ ਸੌਣ ਤੋਂ ਪਹਿਲਾਂ ਸਵੇਰੇ ਕਿਨੇ ਵਜੇ ਉਠਣਾ ਹੈ, ਆਪਣੇ ਆਪ ਨੂੰ ਦਸਕੇ ਸੌਂਵੋਂ। ਤੁਸੀਂ ਹੈਰਾਨ ਰਹਿ ਜਾਵੋਗੇ ਕਿ ਠੀਕ ਉਸ ਸਮੇ ਸਵੇਰੇ ਤੁਹਾਨੂੰ ਜਾਗ ਆ ਜਾਵੇਗੀ ਕਿਓਕਿ ਅੰਤਿਹਕਰਣ ਸੌਂਦਾ ਨਹੀਂ ਹੁੰਦਾ। ਕਿਸੇ ਜਗਾਹ ਦਾ ਜਾ ਕਿਸੇ ਬੰਦੇ ਦਾ ਨਾਮ ਭੁਲ ਗਏ ਹੋ ਅਤੇ ਤੁਸੀਂ ਯਾਦ ਕਰਨ ਦੀ ਕੋਸ਼ਿਸ਼ ਵਿਚ ਰਹੇ ਹੋ। ਦੂਸਰੇ ਦਿਨ ਸਵੇਰੇ ਉਹ ਨਾਮ ਤੁਹਾਡੇ ਮੂੰਹ ਵਿਚ ਆ ਜਾਣ ਦੇ 90% ਚਾਨਸਿਜ਼ ਹੁੰਦੇ ਹਨ। ਇਹ ਅਚੇਤ ਕੋਸ਼ਿਸ਼ ਸਾਡੇ ਅੰਤਿਹਕਰਣ ਦੀ ਕਾਰਜਸ਼ੀਲਤਾ ਹੁੰਦੀ ਹੈ।

ਅਮੂਮਨ ਭਗਤ ਲੋਕਾਂ ਬਾਰੇ ਜਾਂ ਸੂਝਵਾਨ ਲੋਕਾਂ ਬਾਰੇ ਇਕ ਰਾਏ ਬਣ ਚੁਕੀ ਹੁੰਦੀ ਹੈ ਕਿ ਉਹ ਜੋ ਕਹਿੰਦੇ ਹਨ ਸਚ ਹੋ ਜਾਦਾ ਹੈ। ਜੋ ਭਵਿਖ ਬਾਣੀ ਕਰਦੇ ਹਨ, ਸਹੀ ਨਿਕਲਦੀ ਹੈ। ਸ਼ਰਧਾਲੂ ਲੋਕ ਉਨ੍ਹਾ ਦੇ ਦੁਆਲੇ ਹੋਏ ਰਹਿੰਦੇ ਹਨ, ਆਪਣੀਆਂ ਪੁਛਾਂ ਵਾਸਤੇ ਜਾਂ ਉਨ੍ਹਾ ਅਗੇ ਅਸ਼ੀਰਵਾਦਾਂ ਲੈਣ ਲਈ ਅਰਜੋਈਆਂ ਕਰਦੇ ਹਨ।ਲੇਖ ਵਿਚ ਦਿਤੀਆਂ ਜਾਣਕਾਰੀਆਂ ਦੇ ਸਨਮੁਖ ਐਹੋ ਜਹੇ ਮਹਾਂਪੁਰਖਾ ਬਾਰੇ ਇਕ ਗਲ ਉਭਰਦੀ ਹੈ ਕਿ ਇਹ ਸਭ ਕੁਝ ਸੱਚ ਹੀ ਹੁੰਦਾ ਹੋਵੇਗਾ ਕਿਓਂਕਿ ਰੱਬ ਦੀ ਰਜਾ ਵਿਚ ਰਹਿਣ ਵਾਲਿਆ ਦਾ ਅੰਤਿਹਕਰਣ ਰੱਬ ਵਰਗਾ ਹੀ ਹੋ ਜਾਦਾ ਹੈ। ਜਿਵੇਂ ਪ੍ਰਮਾਤਮਾ ਘਟ ਘਟ ਦੀਆਂ ਜਾਨਣ ਵਾਲਾ ਹੁੰਦਾ ਹੈ, ਇਵੇਂ ਹੀ ਭਗਤਾਂ ਦਾ ਅੰਤਿਹਕਰਣ ਜੋ ਵੀ ਉਨ੍ਹਾ ਦੇ ਮੁਖਾਰਬਿੰਦ ਤਕ ਭੇਜਦਾ ਹੈ ਉਹ ਸਚ ਹੀ ਹੁੰਦਾ ਹੈ। ਹਾਂ ਇਹ ਗਲ ਵੀ ਦਰੁਸਤ ਹੁੰਦੀ ਹੈ ਕਿ ਭਗਤਾਂ ਨੂੰ ਇਸ ਬਾਰੇ ਕੋਈ ਤਸੱਲੀ ਨਹੀਂ ਹੁੰਦੀ ਕਿ ਜੋ ਕਹਿਣਗੇ ਸਚ ਹੋ ਜਾਵੇਗਾ, ਉਹ ਤਾਂ ਕੇਵਲ ਅੰਤਿਹਕਰਣ ਦੇ ਸੁਨੇਹੇ ਨੂੰ ਤੁਹਾਡੇ ਤਕ ਨਸ਼ਰ ਕਰਨਵਾਲੇਹੀ ਹੁੰਦੇ ਹਨ। ਜੇਕਰ ਐਥੋਂ ਤਕ ਗਲ ਸਮਝ ਆ ਗਈ ਹੋਵੇ ਤਾਂ ਇਕ ਹੋਰ ਵਿਚਾਰ ਨਾਲ ਜੀਵਨ ਵਿਚ ਤਹਿਲਕਾ ਹੋ ਜਾਵੇਗਾ ਕਿ ਸਾਡਾ ਅੰਤਿਹਕਰਣ ਜਿਸ ਨੂੰ ਅਸੀਂ ਪ੍ਰਮਾਤਮਾ ਦੇ ਸਨਮੁਖ ਵਿਕਸਤ ਹੋਇਆ ਮੰਨਿਆ ਹੈ, ਇਹ ਸੋਲਾਂ ਆਨੇ ਸਹੀ ਨਹੀਂ ਹੈ। ਸਹੀ ਕੇਵਲ ਉਨ੍ਹਾ ਲੋਕਾਂ ਲਈ ਹੈ ਜੋ ਅਧਿਆਤਮਿਕ ਸੂਝ ਬੂਝ ਦੇ ਮਦਈ ਹਨ। ਪਰ ਸਾਰੇ ਲੋਕ ਅਧਿਆਤਮਿਕ ਨਹੀਂ ਹੁੰਦੇ। ਆਸਤਕ ਅਤੇ ਨਾਸਤਕ ਦੋਨੋ ਕਿਸਮਾ ਸੰਸਾਰ ਵਿਚ ਪ੍ਰਚੰਡ ਹਨ। ਇਸ ਲਈ ਇਹ ਕਹਿਣਾ ਵਧੇਰੇ ਸਹੀ ਹੈ ਕਿ ਅੰਤਿਕਰਣ ਸਾਡੇ ਜਨਮਾ ਜਨਮੰਤਰਾਂ ਦੀ ਯਾਤਰਾਂ ਦੌਰਾਨ ਪ੍ਰਾਪਤ ਕੀਤੀ ਸੂਝ ਬੂਝ ਹੁੰਦੀ ਹੈ, ਜੋ ਸਾਡੇ ਅਚੇਤ ਮਨ ਅਤੇ ਚੇਤੰਨ ਮਨ ਦੇ ਕਾਰਜਾ ਨੂੰ ਦਿਸ਼ਾ ਨਿਰਦੇਸ਼ ਦੇਂਦੀ ਹੈ। ਜਰਵਾਣੇ ਅਤੇ ਜ਼ਾਲਮ ਲੋਕਾਂ ਦਾ ਅੰਤਿਹਕਰਣ ਵੀ ਹੂੰਦਾ ਹੈ ਜੋ ਅਧਿਆਤਮਿਕ ਲੋਕਾਂ ਤੋਂ ਬਿਲਕੁਲ ਵਖ ਹੁੰਦਾ ਹੈ। ਉਨ੍ਹਾ ਦਾ ਅੰਤਿਹਕਰਣ ਅਜੀਬੋ ਗ੍ਰੀਬ ਕਿਸਮ ਦੇ ਜ਼ੁਲਮ ਅਤੇ ਭੈੜੇ ਕੰਮ ਕਰਨ ਲਈ ਸੁਨੇਹੇ ਭੇਜਦਾ ਹੈ। ਅਜਿਹੇ ਲੋਕਾਂ ਦੀਆਂ ਆਤਮਾਵਾਂ ਨੂੰ ਪਲੀਤ ਆਤਮਾਵਾਂ ਕਿਹਾ ਜਾਂਦਾ ਹੈ ਅਤੇ ਉਨ੍ਹਾ ਦਾ ਅੰਤਿਹਕਰਣ ਅਤੀ ਘਿਰਨਾ ਯੋਗ ਹੁੰਦਾ ਹੈ।ਸੰਸਾਰ ਵਿਚ ਕੇਵਲ ਦੋ ਤਾਕਤਾਂ ਕੰਮ ਕਰ ਰਹੀਆ ਹਨ। ਇਕ ਪ੍ਰਮਾਤਮਾ ਅਤੇ ਇਕ ਸ਼ੈਤਾਨ। ਅਜਿਹਾ ਈਸਾਈ ਲੋਕਾਂ ਦਾ ਵਿਸ਼ਵਾਸ ਹੈ। ਸੰਸਾਰ ਵਿਚ ਦੇਵਤੇ ਅਤੇ ਰਾਖਸ਼ਿਸ਼ ਦੋ ਵਡੀਆ ਸ਼ਕਤੀਆ ਹਨ ਐਸਾ ਹਿੰਦੂ ਮਤ ਕਹਿੰਦਾ ਹੈ। ਕੌਣ ਕਿਸ ਦੇ ਪੱਖ ਦੀ ਗਲ ਕਰਦਾ ਹੈ, ਇਹ ਸਾਡੇ ਕਰਮ ਹਨ ਜੋ ਸਾਡੇ ਦੁਖਾ ਸੁਖਾ ਦੇ ਜਿਮੇਦਾਰ ਬਣਦੇ ਹਨ।


Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਬਰੈਂਪਟਨ ਵਿੱਚ ਭੰਗ ਦੇ ਸੇਲ ਬਾਰੇ ਅਨਿਸ਼ਚਿਤਤਾ

ਬਰੈਂਪਟਨ ਦੇ ਵਾਰਡ ਨੰਬਰ 7 ਅਤੇ 8 ਤੋਂ ਪਹਿਲੀ ਵਾਰ ਚੁਣੀ ਗਈ ਬਲੈਕ ਭਾਈਚਾਰੇ ਨਾਲ ਸਬੰਧਿਤ ਸਿਟੀ ਕਾਉਂਸਲਰ ਸ਼ਾਰਮੇਨ ਵਿਲੀਅਮਜ਼ ਦਾ ਮੂਡ ਬਰੈਂਪਟਨ ਵਿੱਚ ਮੈਰੀਉਆਨਾ ਦੇ ਸੇਲ ਨੂੰ ਲੈ ਕੇ ਗੁੱਸੇ ਵਿੱਚ ਹੈ। ਉਸਦਾ ਮੰਨਣਾ ਹੈ ਕਿ ਬਰੈਂਪਟਨ ਸਿਟੀ ਵਿੱਚ ਮੈਰੀਉਆਨਾ ਦੀ ਸੇਲ ਸਟੋਰਾਂ ਵਿੱਚ ਨਹੀਂ ਹੋਣੀ ਚਾਹੀਦੀ। ਵਰਨਣਯੋਗ ਹੈ ਕਿ ਮਨੋਰੰਜਕ ਮੰਤਵਾਂ ਵਾਸਤੇ ਮੈਰੀਉਆਨਾ ਨੂੰ ਖਰੀਦਣਾ ਅਤੇ ਵੇਚਣਾ 17 ਅਕਤੂਬਰ 2017 ਤੋਂ ਕੈਨੇਡਾ ਭਰ ਵਿੱਚ ਕਨੂੰਨੀ ਬਣਾ ਦਿੱਤਾ ਗਿਆ ਸੀ। ਹਾਲ ਦੀ ਘੜੀ ਇਸਦੀ ਸੇਲ ਆਨਲਾਈਨ ਹੋ ਰਹੀ ਹੈ। ਉਂਟੇਰੀਓ ਸਰਕਾਰ ਦਾ ਟੀਚਾ ਹੈ ਕਿ 1 ਅਪਰੈਲ 2019 ਤੱਕ ਇਸਦੀ ਸੇਲ ਵਾਸਤੇ ਸਟੋਰਾਂ ਵਿੱਚ ਆਰੰਭ ਹੋ ਜਾਵੇਗੀ। ਇਸ ਵਾਸਤੇ ਉਂਟੇਰੀਓ ਸਰਕਾਰ ਨੇ ਇੱਕ ਵਿਸ਼ੇਸ਼ ਬਿੱਲ ਪਾਸ ਕਰਕੇ ਸਮੂਹ ਮਿਉਂਸਪੈਲਟੀਆਂ ਨੂੰ ਖੁੱਲ ਦਿੱਤੀ ਹੈ ਕਿ ਉਹ 22 ਜਨਵਰੀ 2019 ਤੱਕ ਫੈਸਲਾ ਕਰ ਸਕਦੀਆਂ ਹਨ ਕਿ ਉਹਨਾਂ ਨੇ ਆਪਣੇ ਸ਼ਹਿਰਾਂ ਵਿੱਚ ਸਟੋਰ ਖੋਲਣੇ ਹਨ ਜਾਂ ਨਹੀਂ। ਸ਼ਾਰਮੇਨ ਵਿਲੀਅਮਜ਼ ਉਹਨਾਂ ਲੋਕਾਂ ਵਿੱਚੋਂ ਹੈ ਜੋ ਨਹੀਂ ਚਾਹੁੰਦੀ ਕਿ 'ਫਲਾਵਰ ਸਿਟੀ' ਵਜੋਂ ਜਾਣਿਆ ਜਾਂਦਾ ਬਰੈਂਪਟਨ ਭੰਗ ਦੇ ਫੁੱਲਾਂ ਲਈ ਜਾਣਿਆ ਜਾਵੇ।

ਬਰੈਂਟਪਨ ਕਾਉਂਸਲ ਨੇ ਕੱਲ ਹੋਈ ਮੀਟਿੰਗ ਵਿੱਚ ਇਸ ਮੁੱਦੇ ਉੱਤੇ ਵਿਚਾਰ ਕਰਨ ਵਾਲੇ ਮੋਸ਼ਨ ਨੂੰ ਜਨਵਰੀ ਦੇ ਦੂਜੇ ਹਫ਼ਤੇ ਤੱਕ ਮੁਲਤਵੀ ਕਰ ਦਿੱਤਾ ਹੈ। ਜੇ ਬਰੈਂਪਟਨ ਕਾਉਂਸਲ ਸਟੋਰ ਖੋਲਣ ਦੇ ਹੱਕ ਵਿੱਚ ਜਾਂਦੀ ਹੈ ਤਾਂ ਸਹੀ ਬੰਦੋਬਸਤ ਕਰਨ ਵਾਸਤੇ ਫੈਡਰਲ ਸਰਕਾਰ ਵੱਲੋਂ 40 ਮਿਲੀਅਨ ਡਾਲਰ ਫੰਡ ਦਿੱਤੇ ਜਾਣਗੇ ਜਿਹਨਾਂ ਵਿੱਚੋਂ ਅੱਧੇ ਰੀਜਨ ਆਫ ਪੀਲ ਦੇ ਹਿੱਸੇ ਚਲੇ ਜਾਣਗੇ। ਕਨੂੰਨ ਮੁਤਾਬਕ ਮੈਰੀਉਆਨਾ ਸਟੋਰ ਸਕੂਲਾਂ ਦੀ ਹੱਦ ਤੋਂ 150 ਮੀਟਰ ਦੂਰੀ ਉੱਤੇ ਖੋਲੇ ਜਾ ਸਕਦੇ ਹਨ। ਕਾਉਂਸਲਰ ਸ਼ਾਰਮੇਨ ਵਿਲੀਅਮਜ਼ ਦਾ ਆਖਣਾ ਹੈ ਕਿ ਜੇ ਲੋਕੀ ਮੰਨਦੇ ਹਨ ਕਿ ਸਕੂਲਾਂ ਵਿੱਚ ਮੈਰੀਉਆਨਾ ਪਹਿਲਾਂ ਹੀ ਵਿਕ ਰਹੀ ਹੈ ਤਾਂ 150 ਮੀਟਰ ਦੀ ਦੂਰੀ ਉੱਤੇ ਸਟੋਰ ਖੋਲਣ ਨਾਲ ਕੀ ਲਾਭ ਹੋਣ ਵਾਲਾ ਹੈ? ਉਸਦਾ ਇਹ ਵੀ ਦੋਸ਼ ਹੈ ਕਿ ਇੱਕ ਪਾਸੇ ਫੈਡਰਲ ਸਰਕਾਰ ਮੈਰੀਉਆਨਾ ਨੂੰ ਕਨੂੰਨੀ ਬਣਾ ਰਹੀ ਹੈ ਅਤੇ ਦੂਜੇ ਪਾਸੇ ਮਿਉਂਸਪੈਲਟੀਆਂ ਨੂੰ ਫੰਡ ਦੇ ਰਹੀ ਹੈ ਤਾਂ ਜੋ ਉਹ ਲਾਲਚ ਵਿੱਚ ਆ ਕੇ ਇਸਦੀ ਵੇਚ ਵੱਟਤ ਵਿੱਚ ਸਹਾਈ ਬਣਨ। ਉਹ ਇਸ ਪੈਸੇ ਨੂੰ 'ਬਲੱਡ ਮਨੀ' ਆਖ ਰਹੀ ਹੈ। ਉਸਨੇ Not In Our Neighbourhood ਨਾਮਕ ਵੈੱਬਸਾਈਟ ਖੋਲ ਕੇ ਇੱਕ ਪਟੀਸ਼ਨ ਜਾਰੀ ਕੀਤੀ ਹੈ ਜਿਸ ਰਾਹੀਂ ਉਹ ਮੇਅਰ ਅਤੇ ਕਾਉਂਸਲ ਨੂੰ ਸਟੋਰ ਨਾ ਖੋਲਣ ਬਾਰੇ ਸੁਨੇਹਾ ਦੇਣਾ ਚਾਹੁੰਦੀ ਹੈ।

ਅਸਲ ਵਿੱਚ ਮੈਰੀਉਆਨਾ ਦਾ ਮਾਮਲਾ ਮਿਉਂਸਪੈਲਟੀਆਂ ਲਈ 'ਕੁੱਤੇ ਦੇ ਮੂੰਹ ਵਿੱਚ ਹੱਡੀ' ਵਾਲਾ ਬਣਿਆ ਹੋਇਆ ਹੈ। ਇੱਕ ਪਾਸੇ ਇਸ ਦੀ ਵੇਚ ਵੱਟਤ ਤੋਂ ਹੋਣ ਵਾਲੀ ਕਮਾਈ ਵੱਲ ਵੇਖਿਆ ਜਾ ਰਿਹਾ ਹੈ ਤਾਂ ਦੂਜੇ ਪਾਸੇ ਪੈਦਾ ਹੋਣ ਵਾਲੇ ਕਨੂੰਨ, ਪੁਲੀਸ ਅਤੇ ਸਿਹਤ ਦੇ ਮਸਲਿਆਂ ਦੀ ਗੱਲ ਹੈ। ਵੈਸੇ ਬਰੈਂਪਟਨ ਸਿਟੀ ਸਟਾਫ ਵੱਲੋਂ ਕਾਉਂਸਲ ਨੂੰ ਸਟੋਰ ਖੋਲਣ ਦੇ ਹੱਕ ਵਿੱਚ ਸਿਫਾਰਸ਼ ਕੀਤੀ ਜਾ ਚੁੱਕੀ ਹੈ। ਸਟਾਫ ਦੀ ਰਿਪੋਰਟ ਮੁਤਾਬਕ 1 ਨਵੰਬਰ ਤੋਂ 4 ਨਵੰਬਰ ਤੱਕ ਟੈਲੀਫੋਨ ਰਾਹੀਂ ਕਰਵਾਏ ਗਏ ਇੱਕ ਸਰਵੇਖਣ ਵਿੱਚ ਪਾਇਆ ਗਿਆ ਹੈ ਕਿ 54% ਬਰੈਂਪਟਨ ਵਾਸੀ ਸਟੋਰ ਖੋਲਣ ਦੇ ਹੱਕ ਵਿੱਚ ਹਨ। ਸਟਾਫ਼ ਦਾ ਇਹ ਵੀ ਅੰਦਾਜ਼ਾ ਹੈ ਕਿ ਮੈਰੀਉਆਨਾ ਦੀ ਸੇਲ ਤੋਂ ਬਰੈਂਪਟਨ ਨੂੰ ਸਾਢੇ ਛੇ ਲੱਖ ਡਾਲਰ ਤੋਂ ਲੈ ਕੇ 1.2 ਮਿਲੀਅਨ ਡਾਲਰ ਦੀ ਸਾਲਾਨਾ ਕਮਾਈ ਹੋਵੇਗੀ। ਇਹ ਕਮਾਈ ਇਸ ਗੱਲ ਉੱਤੇ ਵੀ ਨਿਰਭਰ ਕਰਦੀ ਹੈ ਕਿ ਆਲੇ ਦੁਆਲੇ ਦੀਆਂ ਮਿਉਂਸਪੈਲਟੀਆਂ ਸਟੋਰ ਖੋਲਣ ਦੇ ਹੱਕ ਵਿੱਚ ਜਾਂਦੀਆਂ ਹਨ ਜਾਂ ਨਹੀਂ। ਮਿਸਾਲ ਵਜੋਂ ਜੇ ਮਿਸੀਸਾਗਾ ਸਟੋਰ ਖੋਲਣ ਦਾ ਫੈਸਲਾ ਕਰਦਾ ਹੈ ਅਤੇ ਬਰੈਂਪਟਨ ਨਾਂਹ ਕਰ ਦੇਵੇ ਤਾਂ ਸੁਭਾਵਿਕ ਹੈ ਕਿ ਬਰੈਂਪਟਨ ਦੇ ਮੈਰੀਉਆਨਾ ਸ਼ੌਕੀਨ ਮਿਸੀਸਾਗਾ ਦੀ ਸੇਲ ਵਧਾਉਣਗੇ।

ਨਵੀਂ ਚੁਣੀ ਗਈ ਸਿਟੀ ਕਾਉਂਸਲਰ ਸ਼ਾਰਮੇਨ ਵਿਲੀਅਮਜ਼ ਦੀ ਇਸ ਗੱਲੋਂ ਸਿਫ਼ਤ ਕਰਨੀ ਬਣਦੀ ਹੈ ਕਿ ਉਸਨੇ ਇਸ ਮੁੱਦੇ ਉੱਤੇ ਬੇਬਾਕ ਅਤੇ ਦਲੇਰੀ ਭਰੀ ਆਵਾਜ਼ ਚੁੱਕੀ ਹੈ। ਉਸ ਵੱਲੋਂ ਚੁੱਕੇ ਗਏ ਮੁੱਦੇ ਉੱਤੇ ਚਰਚਾ ਕਰਨੀ ਬਣਦੀ ਹੈ। ਪਬਲਿਕ ਦੇ ਹਰ ਮੈਂਬਰ ਨੂੰ ਚਾਹੀਦਾ ਹੈ ਕਿ ਆਪੋ ਆਪਣੇ ਏਰੀਆ ਦੇ ਸਿਟੀ ਕਾਉਂਸਲਰਾਂ ਨੂੰ ਇਸ ਮੁੱਦੇ ਉੱਤੇ ਆਪਣੀ ਰਾਏ ਤੋਂ ਜਾਣੂੰ ਕਰਵਾਇਆ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਉਂਸਲ ਨੇ ਜਨਵਰੀ ਦੇ ਦੂਜੇ ਹਫ਼ਤੇ ਫੈਸਲਾ ਕਰਕੇ ਸਰਕਾਰ ਨੂੰ ਸਿਫ਼ਾਰਸ਼ ਭੇਜ ਦੇਣੀ ਹੈ। ਇਹੀ ਗਿਲਾ ਸ਼ਾਰਮੇਨ ਵਿਲੀਅਮਜ਼ ਨੂੰ ਹੈ ਕਿ ਕਿਤੇ ਕਾਉਂਸਲ ਪਬਲਿਕ ਦੀ ਆਵਾਜ਼ ਸੁਣੇ ਬਗੈਰ ਹੀ ਫੈਸਲਾ ਨਾ ਕਰ ਦੇਵੇ।

## ਫਲਾਂ ਸਬਜ਼ੀਆਂ ਉਤੇ ਸਟਿੱਕਰ ਨਾ ਚਿਪਕਾਉਣ ਦੇ ਹੁਕਮ ਜਾਰੀ

ਚੰਡੀਗੜ੍ਹ, 6 ਦਸੰਬਰ (ਪੋਸਟ ਬਿਊਰੋ)- ਫੂਡ ਸੇਫਟੀ ਕਮਿਸ਼ਨਰ ਕਾਹਨ ਸਿੰਘ ਪੰਨੂ ਨੇ ਫਲਾਂ ਅਤੇ ਸਬਜ਼ੀਆਂ ਉੱਤੇ ਸਟਿੱਕਰ ਨਾ ਚਿਪਕਾਉਣ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾ ਦੱਸਿਆ ਕਿ ਫਲਾਂ ਤੇ ਸਬਜ਼ੀਆਂ ਦੀ ਗੁਣਵੱਤਾ, ਕੀਮਤ ਤੇ ਹੋਰ ਜਾਣਕਾਰੀ ਦੇਣ ਲਈ ਖੁਰਾਕੀ ਵਸਤਾਂ 'ਤੇ ਸਟਿੱਕਰ ਦਾ ਰੁਝਾਨ ਪੂਰੀ ਦੁਨੀਆ ਵਿੱਚ ਆਮ ਹੈ, ਪਰ ਜ਼ਿਆਦਾਤਰ ਇਹ ਪਾਇਆ ਗਿਆ ਹੈ ਕਿ ਇਹ ਸਟਿੱਕਰ ਸਬਜ਼ੀਆਂ ਅਤੇ ਫਲਾਂ ਜਿਵੇਂ ਸੇਬ, ਕੀਵੀ, ਅੰਬ, ਕੇਲ, ਸੰਤਰਾ, ਨਾਸ਼ਪਾਤੀ, ਰੰਗ ਬਿਰੰਗੀਆਂ ਸ਼ਿਮਲਾ ਮਿਰਚਾਂ ਦੀ ਬਾਹਰਲੀ ਪਰਤ ਉਪਰ ਸਿੱਧੇ ਤੌਰ 'ਤੇ ਚਿਪਕਾਏ ਹੁੰਦੇ ਹਨ।



ਪੰਨੂ ਨੇ ਕਿਹਾ ਕਿ ਪੰਜਾਬ ਵਿੱਚ ਇਹ ਦੇਖਿਆ ਗਿਆ ਹੈ ਕਿ ਵਪਾਰੀ ਵੱਲੋਂ ਆਪਣੀਆਂ ਵਸਤਾਂ ਨੂੰ ਚੰਗੀ ਗੁਣਵੱਤਾ ਦਾ ਦਰਸਾਉਣ ਲਈ ਜਾਂ ਕੋਈ ਖਾਮੀ ਛੁਪਾਉਣ ਲਈ ਸਟਿੱਕਰ ਲਾਏ ਜਾਂਦੇ ਹਨ। 'ਟੈਸਟਡ ਓਕੇ', 'ਗੁੱਡ ਕੁਆਲਟੀ' ਜਾਂ 'ਪਦਾਰਥ ਦਾ ਨਾਮ' ਆਦਿ ਸ਼ਬਦ ਸਟਿੱਕਰਾਂ ਉਤੇ ਲਿਖੇ ਹੁੰਦੇ ਹਨ ਤੇ ਇਨ੍ਹਾਂ ਸਟਿੱਕਰਾਂ ਦੀ ਕੋਈ ਉਪਯੋਗਤਾ ਨਹੀਂ ਹੁੰਦੀ। ਸਟਿੱਕਰਾਂ ਨੂੰ ਚਿਪਕਾਉਣ ਲਈ ਕਈ ਕਿਸਮ ਦੇ ਪਦਾਰਥ ਵਰਤੇ ਜਾਂਦੇ ਹਨ, ਜਿਨ੍ਹਾਂ ਦੀ ਗੁਣਵੱਤਾ ਬਾਰੇ ਕੋਈ ਜਾਣਕਾਰੀ ਨਹੀਂ ਹੈ। ਇਸ ਬਾਰੇ ਅਧਿਐਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਚਿਪਕਾਉਣ ਲਈ ਵਰਤੇ ਜਾਂਦੇ 'ਸਰਫੈਕਟੈਂਟਸ' ਵਰਗੇ ਪਦਾਰਥਾਂ ਵਿੱਚ ਕਈ ਕਿਸਮ ਦੇ ਜ਼ਹਿਰੀਲੇ ਤੱਤ ਹਨ। ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਲੋਕ ਫਲਾਂ ਤੇ ਸਬਜ਼ੀਆਂ ਤੋਂ ਸਟਿੱਕਰ ਉਤਾਰ ਕੇ ਇਨ੍ਹਾਂ ਪਦਾਰਥਾਂ ਨੂੰ ਵਰਤ ਲੈਂਦੇ ਹਨ, ਜਦੋਂ ਕਿ ਚਿਪਕਾਉਣ ਵਾਲੇ ਪਦਾਰਥ ਦੇ ਕੁਝ ਅੰਸ਼ ਪਦਾਰਥਾਂ ਵਿੱਚ ਚਲੇ ਜਾਂਦੇ ਹਨ। ਅਜਿਹੇ ਫਲ ਤੇ ਸਬਜ਼ੀਆਂ ਦੀ ਵਿਕਰੀ ਨੂੰ ਰੋਕਣ ਤੇ ਵਪਾਰੀਆਂ ਨੂੰ ਫੂਡ ਸੇਫਟੀ ਅਤੇ ਸਟੈਂਡਰਡ ਐਕਟ, 2006 ਤੋਂ ਜਾਣੂੰ ਕਰਵਾਉਣ ਸਬੰਧੀ ਫੂਡ ਸੇਫਟੀ ਦੀਆਂ ਟੀਮਾਂ ਨੂੰ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ।

## ਹੈਂਡਗੰਨਜ਼ ਤੇ ਅਸਾਲਟ ਹਥਿਆਰਾਂ ਤੱਕ ਪਹੁੰਚ ਨੂੰ ਸੀਮਤ ਕਰੇਗੀ ਸਰਕਾਰ : ਟਰੂਡੋ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ 2015 ਵਿੱਚ ਟਰੂਡੋ ਨੇ ਆਪਣੀ ਚੋਣ ਮੁਹਿੰਮ ਦੌਰਾਨ ਹੈਂਡਗੰਨਜ਼ ਤੇ ਅਸਾਲਟ ਹਥਿਆਰਾਂ ਨੂੰ ਸੀਮਤ ਕਰਨ ਦਾ ਵਾਅਦਾ ਕੀਤਾ ਸੀ ਪਰ ਗੰਨ ਕੰਟਰੋਲ ਦੀ ਪੈਰਵੀ ਕਰਨ ਵਾਲਿਆਂ ਵੱਲੋਂ ਇਸ ਪਾਸੇ ਵੱਲ ਉੱਕਾ ਹੀ ਕੁੱਝ ਨਾ ਕੀਤੇ ਜਾਣ ਉੱਤੇ ਸਰਕਾਰ ਦੀ ਨੁਕਤਾਚੀਨੀ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਵੱਲੋਂ ਅੱਜ ਦੀ ਇਹ ਟਿੱਪਣੀ 29 ਸਾਲ ਪਹਿਲਾਂ ਮਾਂਟਰੀਅਲ ਵਿੱਚ ਇਕੋਲ ਪੌਲੀਟੈਕਨਿਕ ਇੰਜੀਨੀਅਰਿੰਗ ਕਾਲਜ ਦੀਆਂ 14 ਲੜਕੀਆਂ ਨੂੰ ਗੋਲੀਆਂ ਮਾਰ ਕੇ ਮਾਰੇ ਜਾਣ ਦੀ ਘਟਨਾ ਦੀ ਬਰਸੀ ਮੌਕੇ ਕੀਤੀ ਗਈ।

ਟਰੂਡੋ ਮਾਊਂਟ ਰੌਇਲ ਵਿੱਚ ਰਾਤ ਸਮੇਂ ਹੋਣ ਜਾ ਰਹੇ ਯਾਦਗਾਰੀ ਸਮਾਰੋਹ ਵਿੱਚ ਪ੍ਰੀਮੀਅਰ ਫਰੈਂਕੋਇਸ ਲੀਗਾਲਟ ਤੇ ਹੋਰਨਾਂ ਅਹਿਮ ਹਸਤੀਆਂ ਨਾਲ ਸ਼ਾਮਲ ਹੋਣ ਲਈ ਜਾਣਗੇ।

## ਮਨਜੀਤ ਸਿੰਘ ਜੀ ਕੇ ਦਾ ਦਿੱਲੀ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ

...ਪੰਨਾ 1 ਦਾ ਬਾਕੀ

ਉਨ੍ਹਾਂ ਨੇ ਐਲਾਨ ਕੀਤਾ ਕਿ ਕਾਰਜਕਾਰਨੀ ਕਮੇਟੀ ਦੀਆਂ ਚੋਣਾਂ ਤੈਅ ਸਮੇਂ ਤੋਂ ਪਹਿਲਾਂ 27-29 ਦਸੰਬਰ ਜਾਂ ਦਿੱਲੀ ਗੁਰਦੁਆਰਾ ਚੋਣ ਬੋਰਡ ਵੱਲੋਂ ਮਿਥੀ ਗਈ ਕਿਸੇ ਵੀ ਤਰੀਕ ਨੂੰ ਕਰਵਾ ਦਿੱਤੀਆਂ ਜਾਣਗੀਆਂ, ਤਾਂ ਜੋ ਦਿੱਲੀ ਦੇ ਸਿੱਖਾਂ ਨੂੰ ਨਵੇਂ ਮੈਂਬਰ ਚੁਣਨ ਦਾ ਮੌਕਾ ਮਿਲ ਸਕੇ।

ਵਰਨਣ ਯੋਗ ਹੈ ਕਿ ਇਸ ਵਕਤ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀ ਮਿਆਦ 29 ਮਾਰਚ 2019 ਤਕ ਹੈ, ਪਰ ਅੱਜ ਦੀਆਂ ਰੇੜਕੇ ਪਿੱਛੋਂ ਗੁਰਦੁਆਰਾ ਚੋਣ ਬੋਰਡ ਨੂੰ ਚਿੱਠੀ ਲਿਖ ਦਿੱਤੀ ਗਈ ਹੈ। ਜਨਰਲ ਸੈਕਟਰੀ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਕਮੇਟੀ ਵਿੱਚ ਤਾਕਤਾਂ ਬਾਰੇ ਮਨਜੀਤ ਸਿੰਘ ਜੀ ਕੇ ਨਾਲ ਕੋਈ ਟਕਰਾਓ ਨਹੀਂ ਹੈ। ਇਸ ਗਹਿਮਾ-ਗਹਿਮੀ ਦੌਰਾਨ ਗੀਤਾ ਕਾਲੋਨੀ ਤੋਂ ਚੁਣੇ ਹੋਏ ਕਮੇਟੀ ਮੈਂਬਰ ਹਰਿੰਦਰਪਾਲ ਸਿੰਘ ਬੈਠਕ ਦਾ ਬਾਈਕਾਟ ਕਰ ਕੇ ਚਲੇ ਗਏ ਅਤੇ ਉਨ੍ਹਾਂ ਬਾਹਰ ਆ ਕੇ ਆਪਣਾ ਅਸਤੀਫ਼ਾ ਦੇਣ ਦਾ ਐਲਾਨ ਵੀ ਕਰ ਦਿੱਤਾ। ਫਿਰ ਮਨਜਿੰਦਰ ਸਿੰਘ ਸਿਰਸਾ, ਕੁਲਵੰਤ ਸਿੰਘ ਬਾਠ ਅਤੇ ਹੋਰ ਆਗੂ ਉਨ੍ਹਾਂ ਨੂੰ ਮਨਾ ਕੇ ਮੀਟਿੰਗ ਹਾਲ ਵਿਚ ਦੋਬਾਰਾ ਲੈ ਕੇ ਗਏ।

## ਭਾਜਪਾ ਐੱਮ ਪੀ ਸਵਿੱਤਰੀ ਬਾਈ ਫੂਲੇ ਦਾ ਪਾਰਟੀ ਤੋਂ ਅਸਤੀਫ਼ਾ



ਲਖਨਊ, 6 ਦਸੰਬਰ, (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਵਿੱਚ ਰਹਿ ਕੇ ਆਪਣੀ ਹੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਦਾ ਲਗਪਗ ਇਕ ਸਾਲ ਤੋਂ ਵਿਰੋਧ ਕਰ ਰਹੀ ਉੱਤਰ ਪ੍ਰਦੇਸ਼ ਦੇ ਬਹਿਰਾਈਚ ਹਲਕੇ ਦੀ ਐੱਮ ਪੀ ਸਵਿੱਤਰੀ ਬਾਈ ਫੂਲੇ ਨੇ ਅੱਜ ਵੀਰਵਾਰ ਨੂੰ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਮੌਕੇ ਸਵਿੱਤਰੀ ਫੂਲੇ ਨੇ ਕੇਂਦਰ ਅਤੇ ਰਾਜ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਦੇ ਹੋਏ ਕਈ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਨੇ ਕਿਹਾ, ਮੈਂ ਦੁਖੀ ਹੋ ਕੇ ਇਹ ਕਦਮ ਚੁੱਕਿਆ ਹੈ, ਭਾਜਪਾ ਸਰਕਾਰ ਦੇ ਮੰਤਰੀ ਸੰਵਿਧਾਨ ਬਦਲਣ ਦੀ ਗੱਲ ਕਰਦੇ ਹਨ ਤੇ ਰਾਖਵਾਂਕਰਨ ਖ਼ਤਮ ਕਰਨ ਦੀ ਸਾਜ਼ਿਸ਼ ਹੋ ਰਹੀ ਹੈ। ਸਵਿੱਤਰੀ ਬਾਈ ਨੇ ਕਿਹਾ ਕਿ ਦਲਿਤਾਂ ਨੂੰ ਮੰਦਰ ਨਹੀਂ ਚਾਹੀਦਾ, ਸੰਵਿਧਾਨ ਚਾਹੀਦਾ ਹੈ, ਕਿਉਂਕਿ ਦੇਸ਼ ਮੰਦਰ ਨਹੀਂ, ਸੰਵਿਧਾਨ ਨਾਲ ਚੱਲਦਾ ਹੈ। ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਕਾਰਜਕਾਲ ਪੂਰਾ ਹੋਣ ਤਕ ਉਹ ਪਾਰਲੀਮੈਂਟ ਮੈਂਬਰ ਬਣੀ ਰਹੇਗੀ।

ਸਵਿੱਤਰੀ ਬਾਈ ਫੂਲੇ ਨੇ ਕਿਹਾ ਕਿ ਦਲਿਤਾਂ ਨੇ ਪਿਛਲੀ ਵਾਰੀ ਵੋਟਾਂ ਦੇ ਕੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪੁਚਾਇਆ ਸੀ, ਪਰ ਦਲਿਤਾਂ ਨਾਲ ਜ਼ਿਆਦਤੀਆਂ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਚੌਕੀਦਾਰ ਵਜੋਂ ਖ਼ੁਦ ਨੂੰ ਪੇਸ਼ ਕਰਨ ਵਾਲੇ ਪ੍ਰਧਾਨ ਮੰਤਰੀ ਦੇ ਨੱਕ ਹੇਠ ਭ੍ਰਿਸ਼ਟਾਚਾਰ ਹੋ ਰਿਹਾ ਹੈ ਤੇ ਉਹ ਇਸ ਨੂੰ ਰੋਕ ਨਹੀਂ ਰਹੇ ਤੇ ਦੂਸਰੇ ਪਾਸੇ ਆਰ ਐਸ ਐਸ ਇਸ ਦੇਸ਼ ਦੇ ਸਮਾਜ ਨੂੰ ਵੰਡਣ ਵਿਚ ਲੱਗਾ ਹੋਇਆ ਹੈ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia - Gyan Singh - Angrej Singh
Office Admin Assistant - Priya Sodhi
Marketing Executives - HS Nagpal - Gurpreet Singh Pall -
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਦਾਗੀ ਤੇ ਅਪਰਾਧੀ ਰਿਕਾਰਡ ਵਾਲੇ ਨੰਬਰਦਾਰਾਂ ਉਤੇ ਪਹਿਲੀ ਵੱਡੀ ਕਾਰਵਾਈ

### * ਜਲੰਧਰ ਦੇ ਡੀ ਸੀ ਨੇ ਦੋ ਨੰਬਰਦਾਰ ਡਿਸਮਿਸ ਕੀਤੇ

ਜਲੰਧਰ, 6 ਦਸੰਬਰ (ਪੋਸਟ ਬਿਊਰੋ)- ਦਾਗੀ ਤੇ ਅਪਰਾਧੀ ਰਿਕਾਰਡ ਵਾਲੇ ਨੰਬਰਦਾਰਾਂ ਖਿਲਾਫ ਪ੍ਰਸ਼ਾਸਨ ਵੱਲੋਂ ਪਹਿਲੀ ਵੱਡੀ ਕਾਰਵਾਈ ਕਰਦੇ ਹੋਏ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਨੇ ਪੰਜਾਬ ਲੈਂਡ ਰੈਵੇਨਿਊ ਰੂਲਜ਼ 1909 ਦੇ ਰੂਲ-16 ਦੇ ਤਹਿਤ ਦੋ ਨੰਬਰਦਾਰਾਂ ਨੂੰ ਡਿਸਮਿਸ ਕਰਨ ਦਾ ਹੁਕਮ ਜਾਰੀ ਕੀਤਾ ਹੈ। ਦੋਵਾਂ ਨੰਬਰਦਾਰਾਂ ਦੀਆਂ ਖਾਲੀ ਪੋਸਟਾਂ ਨੂੰ ਭਰਨ ਲਈ ਸੰਬੰਧਤ ਤਹਿਸੀਲਦਾਰਾਂ ਨੂੰ ਉਚਿਤ ਕਾਰਵਾਈ ਦੀਆਂ ਹਦਾਇਤਾਂ ਵੀ ਜਾਰੀ ਕੀਤੀਆਂ ਹਨ। ਡੀ ਸੀ ਵੱਲੋਂ ਡਿਸਮਿਸ ਕੀਤੇ ਨੰਬਰਦਾਰਾਂ ਵਿੱਚ ਪਿੰਡ ਵਿਰਕ, ਤਹਿਸੀਲ ਫਿਲੌਰ ਦੇ ਨੰਬਰਦਾਰ ਅਵਤਾਰ ਸਿੰਘ ਅਤੇ ਪਿੰਡ ਦਕੋਹਾ, ਤਹਿਸੀਲ ਜਲੰਧਰ-1 ਦੇ ਨੰਬਰਦਾਰ ਪ੍ਰੀਤਮ ਦਾਸ ਸ਼ਾਮਲ ਹਨ।

ਵਰਨਣ ਯੋਗ ਹੈ ਕਿ ਕੁਝ ਸਾਲ ਪਹਿਲਾਂ ਤੱਤਕਾਲੀ ਡਿਪਟੀ ਕਮਿਸ਼ਨਰ ਕਮਲ ਕਿਸ਼ੋਰ ਯਾਦਵ ਦੇ ਵਕਤ ਠੱਗੀ ਦੇ ਇੱਕ ਮਾਮਲੇ ਨੂੰ ਦੇਖਦੇ ਹੋਏ ਸਾਰੇ ਸੰਬੰਧਤ ਅਧਿਕਾਰੀਆਂ ਨੂੰ ਉਕਤ ਸਖਤੀ ਵਰਤਣ ਦੇ ਹੁਕਮ ਜਾਰੀ ਕੀਤੇ ਗਏ ਸਨ। ਇਸ ਕੜੀ ਵਿੱਚ ਦਾਗੀ ਤੇ ਅਪਰਾਧੀ ਰਿਕਾਰਡ ਵਾਲੇ ਨੰਬਰਦਾਰਾਂ ਦੀ ਲਿਸਟ ਬਣਾਉਣ ਦਾ ਫੈਸਲਾ ਹੋਇਆ ਸੀ। ਜ਼ਿਲੇ ਦੇ ਸਾਰੇ ਤਹਿਸੀਲਦਾਰਾਂ ਨੂੰ ਹੁਕਮ ਜਾਰੀ ਕੀਤਾ ਗਿਆ ਸੀ ਕਿ ਉਹ ਆਪੋ-ਆਪਣੇ ਖੇਤਰਾਂ ਦੇ ਸਾਰੇ ਨੰਬਰਦਾਰਾਂ, ਜਿਨ੍ਹਾਂ ਦੇ ਖਿਲਾਫ ਧੋਖਾਧੜੀ, ਗਲਤ ਗਵਾਹੀ ਦੇਣ, ਕਿਸੇ ਅਪਰਾਧਕ ਕੇਸ ਵਿੱਚ ਜੇਲ੍ਹ ਦੀ ਸਜ਼ਾ ਕੱਟਣ, ਕਿਸੇ ਤਰ੍ਹਾਂ ਦਾ ਅਪਰਾਧਕ ਰਿਕਾਰਡ ਹੋਣ, ਮੌਜੂਦਾ ਸਮੇਂ ਵਿੱਚ ਕਿਸੇ ਵੀ ਅਦਾਲਤ ਵਿੱਚ ਕੇਸ ਪੈਂਡਿੰਗ ਹੋਣ ਦਾ ਬਿਊਰਾ ਮੰਗ ਕੇ ਇਕ ਰਿਪੋਰਟ ਬਣਾ ਕੇ ਡਿਪਟੀ ਕਮਿਸ਼ਨਰ ਦੇ ਸਾਹਮਣੇ ਪੇਸ਼ ਕਰਨ। ਮਿਲੀ ਜਾਣਕਾਰੀ ਅਨੁਸਾਰ ਮੌਜੂਦਾ ਸਮੇਂ ਵਿੱਚ ਤਹਿਸੀਲ ਅੰਦਰ ਰੋਜ਼ ਪੈਸੇ ਲੈ ਕੇ ਗਵਾਹੀ ਦੇਣ ਵਾਲੇ ਪ੍ਰੋਫੈਸ਼ਨਲ ਨੰਬਰਦਾਰਾਂ ਦੀ ਲਿਸਟ ਵਿੱਚ ਅਜਿਹੇ ਕਈ ਨੰਬਰਦਾਰ ਹਨ, ਜਿਨ੍ਹਾਂ ਦੇ ਖਿਲਾਫ ਜਾਂ ਕੋਈ ਅਪਰਾਧਕ ਕੇਸ ਚੱਲ ਰਿਹਾ ਹੈ ਜਾਂ ਉਹ ਕਿਸੇ ਮਾਮਲੇ ਵਿੱਚ ਜੇਲ੍ਹ ਦੀ ਹਵਾ ਤੱਕ ਖਾ ਚੁੱਕੇ ਹਨ।

## ਮੌੜ ਬੰਬ ਧਮਾਕੇ ਦਾ ਕੇਸ ਹਾਈ ਕੋਰਟ 'ਚ ਫਿਰ ਜਾ ਖੁੱਲ੍ਹਿਆ

ਚੰਡੀਗੜ੍ਹ, 6 ਦਸੰਬਰ, (ਪੋਸਟ ਬਿਊਰੋ)- ਬਠਿੰਡਾ ਜ਼ਿਲੇ ਦੇ ਮੌੜ ਮੰਡੀ ਬੰਬ ਧਮਾਕੇ ਦਾ ਕੇਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਅੱਜ ਫਿਰ ਖੁੱਲ੍ਹ ਗਿਆ ਹੈ। ਹਾਈ ਕੋਰਟ ਦੇ ਮੁੱਖ ਜਸਟਿਸ ਕ੍ਰਿਸ਼ਨ ਮੋਰਾਰੀ ਤੇ ਜਸਟਿਸ ਅਰੁਣ ਪੱਲੀ ਨੇ ਅੱਜ ਇਸ ਕੇਸ ਦੇ ਸੰਬੰਧ ਵਿੱਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਪਟਿਆਲੇ ਜ਼ਿਲੇ ਦੇ ਪਾਤੜਾਂ ਦੇ ਗੁਰਜੀਤ ਸਿੰਘ ਨੇ ਅੱਜ ਨਵੀਂ ਪਟੀਸ਼ਨ ਦਾਇਰ ਕਰ ਕੇ ਮੌੜ ਮੰਡੀ ਬੰਬ ਧਮਾਕੇ ਦੀ ਜਾਂਚ ਐੱਨ ਆਈ ਏ ਜਾਂ ਸੀ ਬੀ ਆਈ ਤੋਂ ਕਰਾਉਣ ਦੀ ਮੰਗ ਰੱਖੀ ਹੈ। ਉਸ ਨੇ ਕਿਹਾ ਹੈ ਕਿ ਇਹ ਜਾਂਚ ਪੰਜਾਬ ਪੁਲਸ ਦੇ ਵੱਸ ਦੀ ਨਹੀਂ, ਜਿਸ ਕਰਕੇ ਜਾਂਚ ਕੇਂਦਰੀ ਏਜੰਸੀ ਨੂੰ ਸੌਂਪ ਦਿੱਤੀ ਜਾਵੇ। ਹਾਈ ਕੋਰਟ ਨੇ 26 ਫਰਵਰੀ 2019 ਨੂੰ ਅਗਲੀ ਤਰੀਕ ਤੈਅ ਕੀਤੀ ਹੈ, ਜਿਸ ਮੌਕੇ ਮੌੜ ਧਮਾਕੇ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੂੰ ਫਿਰ ਪੇਸ਼ ਹੋਣਾ ਪੈ ਸਕਦਾ ਹੈ।



ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਹਾਈ ਕੋਰਟ ਨੇ ਗੁਰਜੀਤ ਸਿੰਘ ਦੀ ਪਟੀਸ਼ਨ 'ਤੇ 25 ਸਤੰਬਰ ਨੂੰ ਫ਼ੈਸਲਾ ਦੇਣ ਵੇਲੇ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਦੇ ਕੰਮ ਉੱਤੇ ਤਸੱਲੀ ਪ੍ਰਗਟਾਈ ਅਤੇ ਕਿਹਾ ਸੀ ਕਿ ਇਸ ਦੀ ਸੀ ਬੀ ਆਈ ਜਾਂਚ ਦੀ ਲੋੜ ਨਹੀਂ। ਇਸ ਦੇ ਨਾਲ ਪਟੀਸ਼ਨਰ ਨੂੰ ਹਾਈ ਕੋਰਟ ਨੇ ਇਹ ਛੋਟ ਦਿੱਤੀ ਸੀ ਕਿ ਜੇ ਵਿਸ਼ੇਸ਼ ਜਾਂਚ ਟੀਮ ਦੇ ਕੰਮ ਤੋਂ ਤਸੱਲੀ ਨਾ ਹੋਵੇ ਤਾਂ ਉਹ ਫਿਰ ਅਰਜ਼ੀ ਦੇ ਸਕਦਾ ਹੈ। ਪਟੀਸ਼ਨਰ ਗੁਰਜੀਤ ਸਿੰਘ ਦਾ ਕਹਿਣਾ ਸੀ ਕਿ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਸਿਰਫ਼ ਕਾਗਜ਼ੀ ਹੈ ਅਤੇ ਇਸ ਵਿੱਚ ਅਸਲ ਦੋਸ਼ੀਆਂ ਨੂੰ ਪੁੱਛਗਿੱਛ ਲਈ ਸੱਦਿਆ ਨਹੀਂ ਗਿਆ ਅਤੇ ਨਾ ਨਾਮਜ਼ਦ ਕੀਤੇ ਦੋਸ਼ੀ ਫੜੇ ਹਨ। ਵਿਸ਼ੇਸ਼ ਜਾਂਚ ਟੀਮ ਅਦਾਲਤ ਤੋਂ ਮੁਲਜ਼ਮਾਂ ਨੂੰ ਭਗੌੜਾ ਕਰਾਰ ਦਿਵਾਉਣ ਅਤੇ ਹੋਰ ਕੰਮਾਂ ਨੂੰ ਰਿਪੋਰਟ ਵਜੋਂ ਪੇਸ਼ ਕਰ ਰਹੀ ਹੈ। ਉਂਜ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਵਿਸ਼ੇਸ਼ ਜਾਂਚ ਟੀਮ ਵੱਲੋਂ ਮੌੜ ਧਮਾਕੇ ਵਿਚ ਡੇਰਾ ਸਿਰਸਾ ਵੱਲ ਉਂਗਲ ਉਠਾਈ ਜਾ ਚੁੱਕੀ ਹੈ।

ਪਟੀਸ਼ਨਰ ਦੇ ਵਕੀਲ ਰਵਨੀਤ ਜੋਸ਼ੀ ਦਾ ਕਹਿਣਾ ਸੀ ਕਿ ਬੀਤੇ ਦੋ ਮਹੀਨਿਆਂ ਵਿੱਚ ਪੁਲਸ ਪੜਤਾਲ ਬੜੀ ਢਿੱਲੀ ਰਹਿਣ ਕਰਕੇ ਕੇਸ ਦੀ ਮੁੜ ਸੁਣਵਾਈ ਲਈ ਉਨ੍ਹਾਂ ਨੇ ਪਟੀਸ਼ਨ ਪਾਈ, ਜਿਸ ਦੇ ਆਧਾਰ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਹੋਇਆ ਹੈ। ਪਹਿਲਾਂ ਵੀ ਵਿਸ਼ੇਸ਼ ਜਾਂਚ ਟੀਮ ਦੇ ਡੀ ਆਈ ਜੀ ਰਣਬੀਰ ਸਿੰਘ ਖੱਟੜਾ ਨੂੰ ਹਾਈ ਕੋਰਟ ਵਿਚ ਖੁਦ ਪੇਸ਼ ਹੋਣਾ ਪਿਆ ਸੀ ਅਤੇ ਟੀਮ ਨੇ ਪੜਤਾਲ ਦੀ ਸੀਲਬੰਦ ਰਿਪੋਰਟ ਹਾਈ ਕੋਰਟ ਨੂੰ ਦਿੱਤੀ ਸੀ। ਬੰਬ ਧਮਾਕੇ ਦੇ ਸਬੰਧ ਵਿਚ ਫਰਵਰੀ 2018 ਵਿਚ ਗੁਰਤੇਜ ਸਿੰਘ ਕਾਲਾ, ਅਮਰੀਕ ਸਿੰਘ ਅਤੇ ਅਵਤਾਰ ਸਿੰਘ ਨੂੰ ਦੋਸ਼ੀ ਨਾਮਜ਼ਦ ਕੀਤਾ ਜਾ ਚੁੱਕਾ ਹੈ, ਜਿਹੜੇ ਡੇਰਾ ਸੱਚਾ ਸੌਦਾ ਸਿਰਸਾ ਨਾਲ ਜੁੜੇ ਹੋਏ ਹਨ।

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੌਰਾਨ 31 ਜਨਵਰੀ 2017 ਦੀ ਰਾਤ ਨੂੰ ਮੌੜ ਮੰਡੀ ਵਿਚ ਮਾਰੂਤੀ ਕਾਰ ਵਿਚ ਬੰਬ ਧਮਾਕਾ ਹੋਣ ਨਾਲ ਚਾਰ ਬੱਚਿਆਂ ਸਣੇ ਸੱਤ ਜਣਿਆਂ ਦੀ ਮੌਤ ਹੋ ਗਈ ਸੀ। ਇਸ ਬੰਬ ਧਮਾਕੇ ਵਿੱਚ ਡੇਰਾ ਮੁਖੀ ਦੇ ਰਿਸ਼ਤੇਦਾਰ ਤੇ ਕਾਂਗਰਸੀ ਨੇਤਾ ਹਰਮਿੰਦਰ ਜੱਸੀ ਨੂੰ ਨਿਸ਼ਾਨਾ ਬਣਾਇਆ ਦੱਸਿਆ ਗਿਆ ਸੀ, ਪਰ ਉਹ ਵਾਲ ਵਾਲ ਬਚ ਗਏ ਸਨ। ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਮੌੜ ਮੰਡੀ ਵਿਚ ਘਟਨਾ ਸਥਾਨ ਦਾ ਦੋ ਵਾਰ ਜਾਇਜ਼ਾ ਲੈ ਚੁੱਕੇ ਹਨ। ਦੋਸ਼ੀਆਂ ਦੀ ਜਾਇਦਾਦ ਲੱਭਣ ਲਈ ਪੁਲੀਸ ਵਿਸ਼ੇਸ਼ ਜਾਂਚ ਟੀਮ ਨੇ ਮੌੜ ਧਮਾਕੇ ਵਿਚ ਨਾਮਜ਼ਦ ਦੋਸ਼ੀਆਂ ਦੀ ਜਾਇਦਾਦ ਅਟੈਚ ਕਰਨ ਦੀ ਕਾਰਵਾਈ ਸ਼ੁਰੂ ਕਰ ਕੇ ਹਰਿਆਣਾ ਦੇ ਜ਼ਿਲ੍ਹਾ ਸਿਰਸਾ ਤੇ ਕੁਰੂਕਸ਼ੇਤਰ ਦੇ ਨਾਲ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਡਿਪਟੀ ਕਮਿਸ਼ਨਰ ਨੂੰ ਦੋਸ਼ੀ ਗੁਰਤੇਜ ਕਾਲਾ, ਅਮਰੀਕ ਸਿੰਘ ਅਤੇ ਅਵਤਾਰ ਸਿੰਘ ਦੀ ਜਾਇਦਾਦ ਦੀ ਸ਼ਨਾਖਤ ਲਈ ਲਿਖਿਆ ਹੈ। ਇੱਕ ਜਾਂਚ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਇਹ ਕਾਰਵਾਈ ਕੀਤੀ ਜਾ ਰਹੀ ਹੈ।




PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ



Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

132''
88''
8 Seated Sofa
ਕਰਤਾਰ ਫਰਨੀਚਰ
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

## ਕਹਾਣੀ

# ਬੇਟੀਆਂ

-ਭੁਪਿੰਦਰ ਕੌਰ ਵਾਲੀਆ-

ਪੂਜਾ ਦੇ ਘਰ ਕੋਲ ਇੱਕ ਪਰਵਾਰ ਰਹਿੰਦਾ ਸੀ। ਉਸ ਪਰਵਾਰ ਵਿੱਚ ਰਹਿਣ ਵਾਲੀ ਔਰਤ ਨੂੰ ਸਾਰੇ ਤਾਈ ਜੀ ਕਹਿੰਦੇ ਸੀ, ਇਸ ਕਰ ਕੇ ਉਹ ਜਗਤ ਤਾਈ ਅਖਵਾਉਂਦੀ ਸੀ। ਉਨ੍ਹਾਂ ਦੇ ਦੋ ਬੇਟੇ ਤੇ ਦੋ ਬੇਟੀਆਂ ਸਨ। ਪੂਜਾ ਵੀ ਉਨ੍ਹਾਂ ਨੂੰ ਤਾਈ ਜੀ ਕਹਿੰਦੀ ਸੀ। ਪੂਜਾ ਨੂੰ ਤਾਈ ਜੀ ਅਤੇ ਉਨ੍ਹਾਂ ਦੀਆਂ ਬੇਟੀਆਂ ਨਾਲ ਖਾਸ ਪਿਆਰ ਸੀ। ਉਸ ਨੂੰ ਉਨ੍ਹਾਂ ਦੇ ਘਰ ਦਾ ਖਾਣਾ ਬਹੁਤ ਸਵਾਦ ਲੱਗਦਾ ਸੀ। ਤਾਈ ਜੀ ਦੀਆਂ ਬੇਟੀਆਂ ਉਸ ਨੂੰ ਬੜੇ ਪਿਆਰ ਨਾਲ ਖਾਣਾ ਖਵਾਉਂਦੀਆਂ ਸਨ। ਪੂਜਾ ਉਨ੍ਹਾਂ ਤੋਂ ਉਮਰ ਵਿੱਚ 15-16 ਸਾਲ ਛੋਟੀ ਸੀ।

ਤਾਈ ਜੀ ਦੀ ਵੱਡੀ ਲੜਕੀ ਦਾ ਨਾਮ ਨਿਸ਼ੀ ਤੇ ਛੋਟੀ ਲੜਕੀ ਦਾ ਨਾਂਅ ਚਾਂਦ ਸੀ। ਦੋਵੇਂ ਹੀ ਸਕੂਲ ਵਿੱਚ ਪੜ੍ਹਾਉਂਦੀਆਂ ਸਨ, ਨਾਲ ਹੀ ਘਰ ਦਾ ਸਾਰਾ ਕੰਮ ਵੀ ਸੰਭਾਲਦੀਆਂ ਸਨ। ਆਪਣੀ ਮਾਂ ਨੂੰ ਕੋਈ ਕੰਮ ਨਹੀਂ ਸੀ ਕਰਨ ਦਿੰਦੀਆਂ। ਉਨ੍ਹਾਂ ਦੇ ਦੋਵੇਂ ਭਰਾ ਉਮਰ ਵਿੱਚ ਉਨ੍ਹਾਂ ਤੋਂ ਪੰਜ-ਛੇ ਸਾਲ ਛੋਟੇ ਸਨ, ਜੋ ਇੰਜੀਨੀਅਰਿੰਗ ਕਾਲਜ ਵਿੱਚ ਪੜ੍ਹਦੇ ਸਨ। ਉਹ ਆਪਣੇ ਭਰਾਵਾਂ ਤੋਂ ਵੀ ਕੋਈ ਕੰਮ ਨਹੀਂ ਸੀ ਕਰਾਉਂਦੀਆਂ। ਉਨ੍ਹਾਂ ਦੇ ਪਿਤਾ ਜੀ ਕਲਰਕ ਦੇ ਅਹੁਦੇ ਤੋਂ ਰਿਟਾਇਰ ਹੋ ਚੁੱਕੇ ਸਨ। ਵੱਡੀ ਭੈਣ ਨਿਸ਼ੀ ਥੋੜ੍ਹੇ ਗਰਮ ਸੁਭਾਅ ਦੀ ਸੀ। ਕਿਸੇ ਦੀ ਗਲਤੀ ਹੋਣ ਤੇ ਉਸ ਨੂੰ ਡਾਂਟ ਦਿੰਦੀ ਸੀ। ਛੋਟੀ ਭੈਣ ਚਾਂਦ ਦਾ ਸੁਭਾਅ ਚੰਨ ਵਾਂਗ ਸ਼ੀਤਲ ਸੀ ਅਤੇ ਉਹ ਚੰਨ ਵਾਂਗ ਸੁੰਦਰ ਵੀ ਸੀ।

ਪੂਜਾ ਜਿਵੇਂ ਜਿਵੇਂ ਵੱਡੀ ਹੁੰਦੀ ਗਈ, ਉਸ ਦਾ ਪਿਆਰ ਤਾਈ ਜੀ ਦੇ ਘਰ ਨਾਲ ਹੋਰ ਵਧਦਾ ਗਿਆ। ਉਹ ਅਕਸਰ ਸੋਚਦੀ ਕਿ ਤਾਈ ਜੀ ਘਰ ਦਾ ਕੋਈ ਕੰਮ ਕਿਉਂ ਨਹੀਂ ਕਰਦੇ ਤੇ ਬਹੁਤ ਘੱਟ ਕਿਉਂ ਬੋਲਦੇ ਹਨ? ਉਮਰ ਵਧਣ ਨਾਲ ਉਸ ਨੂੰ ਸਮਝ ਆ ਗਈ ਕਿ ਕਈ ਸਾਲ ਪਹਿਲਾਂ ਤਾਈ ਜੀ ਨੂੰ ਲਕਵਾ ਮਾਰ ਗਿਆ ਸੀ ਜਿਸ ਕਰ ਕੇ ਨਾ ਤਾਂ ਉਹ ਕੋਈ ਕੰਮ ਕਰ ਸਕਦੇ ਸਨ ਤੇ ਨਾ ਚੰਗੀ ਤਰ੍ਹਾਂ ਬੋਲ ਸਕਦੇ ਸਨ। ਚਾਂਦ ਨੇ ਜੇ ਬੀ ਟੀ ਦਾ ਕੋਰਸ ਕੀਤਾ ਸੀ ਤੇ ਨਿਸ਼ੀ ਨੇ ਮੌਨਟੈਸਰੀ ਦਾ, ਇਸ ਲਈ ਨਿਸ਼ੀ ਛੋਟੇ ਬੱਚਿਆਂ ਨੂੰ ਪੜ੍ਹਾਉਂਦੀ ਸੀ। ਚਾਂਦ ਨੂੰ ਪੜ੍ਹਨ ਦਾ ਵੀ ਬਹੁਤ ਸ਼ੌਕ ਸੀ। ਇਸ ਲਈ ਉਸ ਨੇ ਸਾਰੀਆਂ ਜ਼ਿੰਮੇਵਾਰੀਆਂ ਦੇ ਨਾਲ ਨਾਲ ਪ੍ਰਾਈਵੇਟ ਤੌਰ 'ਤੇ ਐਮ ਏ ਵੀ ਪਾਸ ਕਰ ਲਈ।

ਹੁਣ ਪੂਜਾ ਵੀ ਦਸਵੀਂ ਕਲਾਸ ਵਿੱਚ ਆ ਗਈ। ਉਸ ਦਾ ਤਾਈ ਜੀ ਦੇ ਘਰ ਆਉਣਾ ਜਾਣਾ ਉਸੇ ਤਰ੍ਹਾਂ ਚਲਦਾ ਰਿਹਾ। ਵੱਡਾ ਮੁੰਡਾ ਰਮੇਸ਼ ਇੰਜੀਨੀਅਰਿੰਗ ਪਾਸ ਕਰ ਕੇ ਆਪਣੇ ਹੀ ਕਾਲਜ ਵਿੱਚ ਲੈਕਚਰਾਰ ਲੱਗ ਗਿਆ ਤੇ ਉਸ ਦੇ ਵਿਆਹ ਦੀ ਗੱਲ ਸ਼ੁਰੂ ਹੋ ਗਈ। ਰਮੇਸ਼ ਨੇ ਘਰ ਦਿਆਂ ਨੂੰ ਦੱਸਿਆ ਉਹ ਉਸ ਲੜਕੀ ਨਾਲ ਵਿਆਹ ਕਰਨਾ ਚਾਹੁੰਦਾ ਹੈ ਜਿਸ ਦਾ ਨਾਮ ਸੀਤਾ ਹੈ ਅਤੇ ਉਹ ਅਕਸਰ ਘਰ ਆਉਂਦੀ ਰਹਿੰਦੀ ਸੀ। ਸੀਤਾ ਰਿਸ਼ਤੇ ਵਿੱਚ ਦੂਰ ਦੀ ਮਾਸੀ ਦੀ ਲੜਕੀ ਸੀ। ਰਮੇਸ਼ ਨੇ ਦੱਸਿਆ ਕਿ ਉਹ ਸੀਤਾ ਨੂੰ ਬਹੁਤ ਪਿਆਰ ਕਰਦਾ ਹੈ ਅਤੇ ਸੀਤਾ ਵੀ ਉਸ ਨੂੰ ਬਹੁਤ ਪਿਆਰ ਕਰਦੀ ਹੈ। ਉਹ ਸੀਤਾ ਤੋਂ ਇਲਾਵਾ ਕਿਸੇ ਵੀ ਹੋਰ ਲੜਕੀ ਨਾਲ ਵਿਆਹ ਨਹੀਂ ਕਰੇਗਾ। ਇਸ ਲਈ ਦੋਵਾਂ ਦੀ ਖੁਸ਼ੀ ਨੂੰ



ਵੇਖਦੇ ਹੋਏ ਮਜਬੂਰੀ ਵਿੱਚ ਉਨ੍ਹਾਂ ਦਾ ਵਿਆਹ ਕਰਨਾ ਪਿਆ।

ਪੂਜਾ ਹੁਣ ਕਾਲਜ ਵਿੱਚ ਪੜ੍ਹਨ ਲੱਗੀ ਅਤੇ ਦੁਨੀਆਦਾਰੀ ਵੀ ਸਮਝਣ ਲੱਗ ਗਈ। ਉਸ ਦੇ ਮਨ ਵਿੱਚ ਵਾਰ-ਵਾਰ ਆਉਂਦਾ ਕਿ ਨਿਸ਼ੀ ਤੇ ਚਾਂਦ ਦੀਦੀ ਆਪਣੇ ਭਰਾਵਾਂ ਤੋਂ ਉਮਰ ਵਿੱਚ ਕਾਫੀ ਵੱਡੀਆਂ ਹਨ ਅਤੇ ਉਨ੍ਹਾਂ ਦਾ ਵਿਆਹ ਪਹਿਲਾਂ ਹੋਣਾ ਚਾਹੀਦਾ ਸੀ, ਪਰ ਉਨ੍ਹਾਂ ਨੇ ਆਪਣੇ ਭਰਾਵਾਂ ਦੀ ਪੜ੍ਹਾਈ ਤੇ ਘਰ ਦੀ ਜ਼ਿੰਮੇਵਾਰੀ ਕਾਰਨ ਵਿਆਹ ਨਹੀਂ ਸੀ ਕਰਵਾਇਆ। ਹੁਣ ਉਨ੍ਹਾਂ ਦੀ ਉਮਰ ਵੀ ਚੋਖੀ ਹੋ ਗਈ ਸੀ। ਜੇ ਸਾਡੇ ਦੇਸ਼ ਵਿੱਚ ਲੜਕੀ ਦੀ ਉਮਰ 30 ਸਾਲ ਤੋਂ ਟੱਪ ਜਾਵੇ ਤਾਂ ਮੁੰਡਾ ਮਿਲਣਾ ਮੁਸ਼ਕਲ ਹੋ ਜਾਂਦਾ ਹੈ। ਨਿਸ਼ੀ ਦੀ ਉਮਰ 32 ਸਾਲ ਦੀ ਹੋ ਚੁੱਕੀ ਸੀ, ਪਰ ਵੇਖਣ ਵਿੱਚ ਸੋਹਣੀ ਨਹੀਂ ਸੀ। ਛੋਟੀ ਭੈਣ ਚਾਂਦ ਤੀਹ ਸਾਲ ਦੀ ਸੀ। ਉਹ ਸੁੰਦਰ ਵੀ ਸੀ ਇਸ ਲਈ ਉਸ ਦੇ ਰਿਸ਼ਤੇ ਆਉਂਦੇ ਸਨ, ਪਰ ਉਹ ਚਾਹੁੰਦੀ ਸੀ ਕਿ ਪਹਿਲਾਂ ਨਿਸ਼ੀ ਦੀ ਸ਼ਾਦੀ ਹੋ ਜਾਵੇ। ਇਸ ਕਰ ਕੇ ਉਸ ਦੀ ਸ਼ਾਦੀ ਵੀ ਨਹੀਂ ਸੀ ਹੋ ਰਹੀ।

ਰਮੇਸ਼ ਦਾ ਵਿਆਹ ਹੁੰਦੇ ਹੀ ਘਰ ਦਾ ਮਾਹੌਲ ਵਿਗੜਨਾ ਸ਼ੁਰੂ ਹੋ ਗਿਆ। ਭਾਬੀ ਨੌਕਰੀ ਕਰਦੀ ਸੀ, ਪਰ ਘਰ ਦੇ ਕਿਸੇ ਕੰਮ ਨੂੰ ਹੱਥ ਨਹੀਂ ਸੀ ਲਾਉਂਦੀ। ਸਾਰਿਆਂ ਨੂੰ ਇਹੋ ਕਹਿੰਦੀ ਕਿ ਉਸ ਦੀਆਂ ਨਨਾਣਾਂ ਬਹੁਤ ਤੰਗ ਕਰਦੀਆਂ ਹਨ। ਥੋੜ੍ਹੇ ਹੀ ਸਮੇਂ ਵਿੱਚ ਉਨ੍ਹਾਂ ਦੇ ਘਰ ਦਾ ਮਾਹੌਲ ਏਨਾ ਵਿਗੜ ਗਿਆ ਕਿ ਦਿਨ ਰਾਤ ਝਗੜਾ ਰਹਿੰਦਾ। ਹਾਲਾਤ ਹੋਰ ਵਿਗੜੇ ਤਾਂ ਭਾਬੀ ਲੜ-ਝਗੜ ਕੇ ਆਪਣੇ ਪੇਕੇ ਘਰ ਰਹਿਣ ਚਲੀ ਗਈ। ਪੂਜਾ ਦੇ ਪਿਤਾ, ਜੋ ਤਾਈ ਨੂੰ ਆਪਣੀ ਭਾਬੀ ਤੇ ਤਾਇਆ ਜੀ ਨੂੰ ਆਪਣਾ ਭਰਾ ਮੰਨਦੇ ਸਨ, ਨੇ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕੀਤੀ, ਪਰੰਤੂ ਉਨ੍ਹਾਂ ਦੀ ਨੂੰਹ ਸੀਤਾ ਕਿਸੇ ਤਰ੍ਹਾਂ ਸਮਝੌਤਾ ਕਰਨ ਨੂੰ ਤਿਆਰ ਨਹੀਂ ਸੀ। ਉਸ ਦਾ ਕਹਿਣਾ ਸੀ ਕਿ ਉਹ ਨਨਾਣਾਂ ਨਾਲ ਇੱਕ ਘਰ ਵਿੱਚ ਨਹੀਂ ਰਹਿ ਸਕਦੀ। ਉਹ ਮੈਨੂੰ ਬਹੁਤ ਤੰਗ ਕਰਦੀਆਂ ਹਨ। ਆਖਰ ਤੰਗ ਆ ਕੇ ਤਾਇਆ ਜੀ ਨੇ ਵੱਡੀ ਕੁੜੀ ਨਿਸ਼ੀ ਦਾ ਵਿਆਹ ਕਰਨ ਦਾ ਫੈਸਲਾ ਕਰ ਲਿਆ। ਕਿਸਮਤ ਨਾਲ ਵੱਡੀ ਲੜਕੀ ਲਈ ਚੰਗਾ ਮੁੰਡਾ ਲੱਭ ਗਿਆ। ਇਸ ਦੌਰਾਨ ਪੂਜਾ ਦੇ ਪਿਤਾ ਜੀ ਵੱਡੀ ਲੜਕੀ ਦੇ ਵਿਆਹ ਲਈ ਸੀਤਾ ਨੂੰ ਮਨਾ ਕੇ ਘਰ ਵਾਪਸ ਲੈ ਆਏ ਤੇ ਹੁਣ ਉਹ ਉਨ੍ਹਾਂ ਦੇ ਨਾਲ ਰਹਿ ਰਹੀ ਸੀ। ਇਸ ਦੌਰਾਨ ਪੂਜਾ ਦਾ ਵਿਆਹ ਵੀ ਉਸੇ ਸ਼ਹਿਰ ਵਿੱਚ ਹੋ ਗਿਆ। ਇਸ ਲਈ ਪੇਕੇ ਆਉਂਦੇ-ਜਾਂਦੇ ਉਨ੍ਹਾਂ ਦਾ ਹਾਲ ਪਤਾ ਲੱਗਦਾ ਰਹਿੰਦਾ ਸੀ।

ਤਾਈ ਜੀ ਦੀ ਛੋਟੀ ਲੜਕੀ ਹੁਣ ਆਪਣੇ ਸਕੂਲ ਵਿੱਚ ਪ੍ਰਿੰਸੀਪਲ ਬਣ ਗਈ, ਪਰ ਵਿਆਹ ਦੇ ਮਾਮਲੇ ਵਿੱਚ ਉਸ ਦੀ ਕਿਸਮਤ ਨੇ ਆਪਣਾ ਰੰਗ ਵਿਖਾਇਆ। ਉਸ ਨੂੰ ਜਿੰਨੇ ਵੀ ਰਿਸ਼ਤੇ ਆ ਰਹੇ ਸਨ, ਸਾਰੇ ਸ਼ਾਦੀਸ਼ੁਦਾ ਲੜਕਿਆਂ ਦੇ ਸਨ। ਕੋਈ ਕੁਆਰਾ ਲੜਕਾ ਨਹੀਂ ਸੀ ਮਿਲ ਰਿਹਾ। ਇਸ ਕਰ ਕੇ ਚਾਰ-ਪੰਜ ਸਾਲ ਹੋਰ ਨਿਕਲ ਗਏ। ਇਸ ਦੌਰਾਨ ਚਾਂਦ ਨੇ ਜਿਸ ਘਰ ਵਿੱਚ ਉਹ ਕਿਰਾਏ ਉਤੇ ਰਹਿੰਦੇ ਸਨ, ਆਪਣੇ ਪੈਸਿਆਂ ਨਾਲ ਖਰੀਦ ਕੇ ਮੁਰੰਮਤ ਕਰਵਾ ਕੇ ਮਾਡਰਨ ਬਣਾ ਲਿਆ, ਪਰ ਉਸ ਦੀ ਰਜਿਸਟਰੀ ਆਪਣੇ ਪਿਤਾ ਦੇ ਨਾਂਅ ਕਰਾਈ, ਕਿਉਂਕਿ ਉਹ ਨਹੀਂ ਸੀ ਚਾਹੁੰਦੀ ਕਿ ਉਸ ਦੇ ਪਿਤਾ ਨੂੰ ਇਹ ਮਹਿਸੂਸ ਹੋਵੇ ਕਿ ਉਹ ਘਰ ਖਰੀਦ ਨਹੀਂ ਸਕੇ ਅਤੇ ਆਪਣੀ ਬੇਟੀ ਦੇ ਘਰ ਵਿੱਚ ਰਹਿ ਰਹੇ ਸਨ। ਨਿਸ਼ੀ ਦਾ ਪਤੀ ਬਹੁਤ ਚੰਗੇ ਸੁਭਾਅ ਦਾ ਸੀ। ਉਨ੍ਹਾਂ ਨੇ ਵੀ ਚਾਂਦ ਲਈ ਬਹੁਤ ਸਾਰੇ ਰਿਸ਼ਤੇ ਲੱਭੇ, ਪਰ ਕੋਈ ਵੀ ਰਿਸ਼ਤਾ ਸਿਰੇ ਨਹੀਂ ਸੀ ਚੜ੍ਹ ਸਕਿਆ। ਇਸ ਉਤੇ ਤਾਈ ਜੀ ਦੇ ਘਰ ਵਿੱਚ ਮੁੜ ਕਲੇਸ਼ ਵਧ ਗਿਆ। ਉਨ੍ਹਾਂ ਦੀ ਨੂੰਹ ਨੇ ਦੁਬਾਰਾ ਕਲੇਸ਼ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਉਹ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਨਾਲ ਮਿਲ ਕੇ ਨਹੀਂ ਸੀ ਰਹਿਣਾ ਚਾਹੁੰਦੀ। ਇਸ ਦੌਰਾਨ ਤਾਇਆ ਜੀ ਪੂਰੇ ਹੋ ਗਏ ਅਤੇ ਤਾਈ ਜੀ ਦੀ ਹਾਲਤ ਵੀ ਤਾਇਆ ਜੀ ਦੇ ਜਾਣ ਤੋਂ ਬਾਅਦ ਜ਼ਿਆਦਾ ਖਰਾਬ ਰਹਿਣ ਲੱਗ ਪਈ। ਤਾਈ ਜੀ ਚਾਹੁੰਦੇ ਸਨ ਕਿ ਚਾਂਦ ਦੀ ਸ਼ਾਦੀ ਉਨ੍ਹਾਂ ਦੇ ਹੁੰਦੇ ਹੀ ਹੋ ਜਾਵੇ ਤਾਂ ਚੰਗਾ ਹੈ। ਚਾਂਦ ਵੀ ਘਰ ਦੇ ਹਾਲਾਤ ਕਾਰਨ ਏਨੀ ਮਜਬੂਰ ਹੋ ਗਈ ਕਿ ਜੋ ਵੀ ਰਿਸ਼ਤਾ ਆਇਆ ਉਸ ਨੇ ਵਿਆਹ ਲਈ ਹਾਂ ਕਰ ਦਿੱਤੀ। ਉਸ ਦਾ ਪਤੀ ਦੋ ਬੱਚਿਆਂ ਦਾ ਬਾਪ ਸੀ।

ਵਿਆਹ ਤੋਂ ਬਾਅਦ ਉਹ ਵੀ ਉਸੇ ਘਰ ਵਿੱਚ ਆ ਕੇ ਰਹਿਣ ਲੱਗ ਪਿਆ, ਕਿਉਂਕਿ ਉਹ ਰਿਟਾਇਰ ਹੋ ਚੁੱਕਾ ਸੀ ਤੇ ਚਾਂਦ ਸਕੂਲ ਵਿੱਚ ਪ੍ਰਿੰਸੀਪਲ ਦੀ ਨੌਕਰੀ ਕਰ ਰਹੀ ਸੀ। ਚਾਂਦ ਦੇ ਪਤੀ ਦੀ ਪਹਿਲੀ ਪਤਨੀ ਦੇ ਦੋਵਾਂ ਲੜਕੀਆਂ ਦਾ ਵਿਆਹ ਹੋ ਚੁੱਕਾ ਸੀ ਤੇ ਦੋਵੇਂ ਆਪਣੇ ਆਪਣੇ ਸਹੁਰੇ ਘਰ ਰਹਿ ਰਹੀਆਂ ਸਨ। ਉਨ੍ਹਾਂ ਨੂੰ ਆਪਣੀ ਨਵੀਂ ਮਾਂ ਨਾਲ ਕੋਈ ਮਤਲਬ ਨਹੀਂ ਸੀ। ਚਾਂਦ ਦਾ ਛੋਟਾ ਭਰਾ, ਜਿਸ ਦਾ ਨਾਮ ਉਮੇਸ਼ ਸੀ, ਵੀ ਹੁਣ ਇੰਜੀਨੀਅਰ ਬਣ ਗਿਆ ਅਤੇ ਉਸ ਦੀ ਸ਼ਾਦੀ ਵੀ ਪੱਕੀ ਹੋ ਗਈ ਸੀ ਜਿਸ ਦੀ ਤਿਆਰੀ ਵਿੱਚ ਪੂਰੇ ਸ਼ੌਕ ਨਾਲ ਚਾਂਦ ਜੁੜ ਗਈ। ਕੁਝ ਦਿਨ ਬਾਅਦ ਉਸ ਦਾ ਵੀ ਵਿਆਹ ਹੋ ਗਿਆ। ਛੋਟੇ ਭਰਾ ਦੀ ਪਤਨੀ ਆਪਣੀ ਜੇਠਾਣੀ ਤੋਂ ਵੀ ਵੱਧ ਤੇਜ਼ ਨਿਕਲੀ ਜਿਸ ਦਾ ਨਾਂ ਮੀਰਾ ਸੀ। ਉਸ ਨੂੰ ਆਪਣੇ ਸਹੁਰੇ ਪਰਵਾਰ ਵੱਲ ਵੇਖ ਕੇ ਹੀ ਫਿਟ ਪੈਣੇ ਸ਼ੁਰੂ ਹੋ ਜਾਂਦੇ ਸਨ। ਉਹ ਇੰਦੌਰ ਰਹਿੰਦੀ ਸੀ। ਕੋਈ ਉਨ੍ਹਾਂ ਦੇ ਘਰ ਨਹੀਂ ਜਾਂਦਾ ਸੀ। ਇਸ ਦੌਰਾਨ ਪਹਿਲਾਂ ਤਾਈ ਜੀ ਪੂਰੇ ਹੋ ਗਏ ਅਤੇ ਦੋ ਸਾਲ ਬਾਅਦ ਚਾਂਦ ਦੇ ਪਤੀ ਦਾ ਦਿਹਾਂਤ ਹੋ ਗਿਆ। ਹੁਣ ਚਾਂਦ ਬਿਲਕੁਲ ਇਕੱਲੀ ਹੋ ਗਈ। ਉਹ ਆਪ ਵੀ ਨੌਕਰੀ ਤੋਂ ਰਿਟਾਇਰ ਹੋ ਗਈ। ਉਹ ਆਪਣੇ ਬਣਾਏ ਘਰ ਵਿੱਚ ਇਕੱਲੀ ਇੱਕ ਪਿਛਲੇ ਕਮਰੇ ਵਿੱਚ ਰਹਿੰਦੀ ਸੀ। ਉਸ ਦੀ ਵੱਡੀ ਭੈਣ ਨਿਸ਼ੀ ਦਾ ਪਰਵਾਰ ਹੜ੍ਹਾਂ ਵਿੱਚ ਰੁੜ ਕੇ ਖਤਮ ਹੋ ਗਿਆ ਸੀ ਅਤੇ ਬਾਕੀ ਸਾਰੇ ਘਰ 'ਤੇ ਉਸ ਦੇ ਭਰਾਵਾਂ ਨੇ ਕਬਜ਼ਾ ਕਰ ਲਿਆ ਸੀ।

ਪੂਜਾ ਜਦੋਂ ਵੀ ਚਾਂਦ ਨੂੰ ਮਿਲਣ ਜਾਂਦੀ ਤਾਂ ਉਸ ਨੂੰ ਚਾਂਦ ਦੀ ਹਾਲਤ ਵੇਖ ਕੇ ਬਹੁਤ ਤਰਸ ਆਉਂਦਾ ਅਤੇ ਜੋ ਵੀ ਬਣ ਸਕਦਾ, ਉਹ ਉਸ ਦੀ ਮਦਦ ਕਰਦੀ ਸੀ। ਪੂਜਾ ਨੇ ਕਈ ਵਾਰ ਚਾਂਦ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਘਰ ਬਣਾਉਣ ਲਈ ਸਾਰੀ ਮਿਹਨਤ ਉਸ ਨੇ ਕੀਤੀ ਹੈ। ਉਸ ਨੂੰ ਆਪਣਾ ਹੱਕ ਮੰਗਣਾ ਚਾਹੀਦਾ ਹੈ, ਜੇ ਹੋ ਸਕੇ ਤਾਂ ਅਦਾਲਤ ਦਾ ਸਹਾਰਾ ਲੈਣਾ ਚਾਹੀਦਾ ਹੈ, ਪਰ ਚਾਂਦ ਨਹੀਂ ਮੰਨੀ, ਹਾਲਾਂਕਿ ਸਰਕਾਰੀ ਕਾਨੂੰਨ ਅਨੁਸਾਰ ਲੜਕੀਆਂ ਨੂੰ ਬਰਾਬਰ ਦਾ ਹਿੱਸਾ ਮਿਲ ਸਕਦਾ ਹੈ। ਚਾਂਦ ਕਹਿੰਦੀ ਸੀ ਕਿ ਜਦੋਂ ਰੱਬ ਨੇ ਉਸ ਨੂੰ ਕੁਝ ਨਹੀਂ ਦਿੱਤਾ, ਇਸ ਲਈ ਜੋ ਹੈ ਉਹ ਉਸ ਵਿੱਚ ਖੁਸ਼ ਹੈ। ਉਹ ਕਹਿੰਦੀ ਸੀ ਕਿ ਘੱਟੋ ਘੱਟ ਮੇਰੇ ਭਰਾ ਤਾਂ ਇਸ ਹਾਲਤ ਵਿੱਚ ਖੁਸ਼ ਹਨ, ਜਿਨ੍ਹਾਂ ਨੂੰ ਉਸ ਨੇ ਬੱਚਿਆਂ ਵਾਂਗ ਪਾਲਿਆ ਹੈ। ਮੈਨੂੰ ਪੈਨਸ਼ਨ ਮਿਲਦੀ ਹੈ, ਜਿਸ ਵਿੱਚ ਗੁਜ਼ਾਰਾ ਹੋ ਜਾਂਦਾ ਹੈ। ਮੈਨੂੰ ਹੋਰ ਪੈਸੇ ਦੀ ਕੋਈ ਲੋੜ ਨਹੀਂ। ਮੈਨੂੰ ਹੋਰ ਪੈਸੇ ਜਾਂ ਕਿਸੇ ਚੀਜ਼ ਦਾ ਲਾਲਚ ਨਹੀਂ। ਉਸ ਦੀ ਇਹ ਗੱਲ ਸੁਣ ਕੇ ਪੂਜਾ ਸੋਚਣ ਲੱਗ ਪਈ ਕਿ ਲੋਕ ਆਵੇਂ ਹੀ ਲੜਕਾ ਜੰਮਣ ਲਈ ਮੰਨਤਾਂ ਮੰਗਦੇ ਰਹਿੰਦੇ ਹਨ। ਬੇਟੀਆਂ ਵੀ ਆਪਣੀ ਜ਼ਿੰਮੇਵਾਰੀ ਤੇ ਫਰਜ਼ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਸਮਰੱਥ ਹਨ।

# ਸਾਬੂਦਾਣਾ ਨਮਕੀਨ




ਸਮੱਗਰੀ-ਵੱਡਾ ਸਾਬੂਦਾਣਾ 200 ਗਰਾਮ, ਮੂੰਗਫਲੀ ਦੇ ਦਾਣੇ 200 ਗਰਾਮ, ਬਾਦਾਮ 20-25, ਰਿਫਾਈਂਡ ਤੇਲ ਜਾਂ ਘਿਓ ਤਲਣ ਲਈ, ਨਾਰੀਅਲ ਅੱਧਾ ਕੱਪ ਪਤਲਾ ਪੀਸਿਆ ਹੋਇਆ, ਸੇਂਧਾ ਨਮਕ ਅੱਧਾ ਛੋਟਾ ਚਮਚ, ਕਾਲੀ ਮਿਰਚ ਇੱਕ ਚੌਥਾਈ ਛੋਟਾ ਚਮਚ।

ਵਿਧੀ- ਵੱਡੇ ਸਾਬੂਦਾਣੇ ਨੂੰ ਕਿਸੇ ਭਾਂਡੇ ਵਿੱਚ ਕੱਢ ਕੇ ਉਸ 'ਤੇ ਦੋ ਛੋਟੇ ਚਮਚ ਪਾਣੀ ਪਾ ਕੇ ਚੰਗੀ ਤਰ੍ਹਾਂ ਮਿਲਾ ਕੇ 5-10 ਮਿੰਟ ਲਈ ਰੱਖ ਦਿਓ ਤਾਂ ਕਿ ਇਹ ਥੋੜ੍ਹੇ ਜਿਹੇ ਨਰਮ ਹੋ ਜਾਣ। ਹੁਣ ਮੂੰਗਫਲੀ ਦੇ ਦਾਣੇ ਸਾਫ ਕਰ ਲਓ। ਭਾਰੀ ਤਲੇ ਦੀ ਕੜਾਹੀ 'ਚ ਇੱਕ ਕੱਪ ਤੇਲ ਪਾ ਕੇ ਗਰਮ ਕਰੋ। ਤੇਲ ਜਦੋਂ ਚੰਗੀ ਤਰ੍ਹਾਂ ਨਾਲ ਗਰਮ ਹੋ ਜਾਵੇ, ਉਦੋਂ ਗਰਮ ਤੇਲ ਵਿੱਚ ਇੱਕ ਪੂਰਾ ਚਮਚ ਸਾਬੂਦਾਣਾ ਪਾਓ ਅਤੇ ਸੇਕ ਬਿਲਕੁਲ ਹੌਲੀ ਕਰ ਦਿਓ। ਸਾਬੂਦਾਣਾ ਫੁਲਣ ਦਿਓ ਅਤੇ ਵਿੱਚ-ਵਿੱਚ ਕੜਛੀ ਚਲਾ ਦਿਓ। ਜੇ ਸਾਬੂਦਾਣਾ ਫੁੱਲ ਕੇ ਉਛਲਣ ਲੱਗੇ ਤਾਂ ਕੜਾਹੀ ਦੇ ਉਪਰ ਥਾਲੀ ਢਕੀ ਜਾ ਸਕਦੀ ਹੈ। ਪੂਰੇ ਸਾਬੂਦਾਣੇ ਫੁਲਣ ਤੋਂ ਬਾਅਦ ਸਾਬੂਦਾਣੇ ਨੂੰ ਅੰਦਰ ਤੱਕ ਸੇਕਣ ਤੋਂ ਬਾਅਦ ਇਨ੍ਹਾਂ ਨੂੰ ਪਲੇਟ 'ਚ ਕੱਢ ਲਓ। ਸਾਬੂਦਾਣੇ ਨੂੰ ਤੋੜ ਕੇ ਜਾਂ ਖਾ ਕੇ ਦੇਖ ਲਓ ਕਿ ਉਹ ਅੰਦਰ ਤੱਕ ਭੁੰਨ ਗਿਆ ਹੈ। ਬਚੇ ਹੋਏ ਸਾਬੂਦਾਣੇ ਨੂੰ ਇਸੇ ਤਰ੍ਹਾਂ ਫਿਰ ਤੋਂ ਪਾਓ ਅਤੇ ਤੇ ਤਲ ਕੇ ਕੱਢ ਲਓ, ਸਾਰੇ ਸਾਬੂਦਾਣੇ ਨੂੰ ਇਸੇ ਤਰ੍ਹਾਂ ਤਲ ਕੇ ਤਿਆਰ ਕਰ ਲਓ। ਹੁਣ ਤੁਸੀਂ ਮੂੰਗਫਲੀ ਦੇ ਦਾਣੇ ਤੇਲ ਵਿੱਚ ਪਾਓ ਅਤੇ ਹਲਕੇ ਸੇਕ 'ਤੇ ਕੜਛੀ ਚਲਾਉਂਦੇ ਹੋਏ ਹਲਕੇ ਬਰਾਊਨ ਹੋਣ ਤੱਕ ਭੁੰਨ ਲਓ, ਇਹ ਬਹੁਤ ਜਲਦ ਤਿੰਨ-ਚਾਰ ਮਿੰਟ 'ਚ ਭੁੰਨ ਜਾਂਦੇ ਹਨ। ਬਾਦਾਮ ਵੀ ਤੇਲ ਪਾ ਕੇ ਭੁੰਨ ਕੇ ਤਿਆਰ ਕਰ ਲਓ ਅਤੇ ਨਾਰੀਅਲ ਦੇ ਟੁਕੜੇ ਵੀ ਹਲਕੇ ਜਿਹੇ ਭੁੰਨ ਕੇ ਕੱਢ ਲਓ। ਇਨ੍ਹਾਂ ਸਾਰੀਆਂ ਭੁੰਨੀਆਂ ਹੋਈਆਂ ਚੀਜ਼ਾਂ ਨੂੰ ਮਿਲਾਓ, ਪਿਸਿਆ ਹੋਇਆ ਸੇਂਧਾ ਨਮਕ ਅਤੇ ਪੀਸੀ ਹੋਈ ਕਾਲੀ ਮਿਰਚ ਵੀ ਪਾ ਕੇ ਮਿਲਾ ਦਿਓ। ਲਓ ਤਿਆਰ ਹੋ ਗਈ ਤੁਹਾਡੀ ਲਈ ਵਰਤ ਦੀ ਸੁਆਦੀ ਨਮਕੀਨ, ਇਹ ਨਮਕੀਨ ਤੁਸੀਂ ਠੰਢਾ ਹੋਣ 'ਤੇ ਨਰਾਤਿਆਂ ਦੇ ਵਰਤ ਵਿੱਚ ਖਾਓ।

## ਹਲਕਾ ਫੁਲਕਾ

ਪਤਨੀ, ''ਹਰ ਐਤਵਾਰ ਤੁਸੀਂ ਮੱਛੀ ਫੜਨ ਜਾਂਦੇ ਹੋ ਨਾ...।''
ਪਤੀ (ਝਿਜਕਦਾ ਹੋਇਆ), ''ਹਾਂ-ਹਾਂ, ਤਾਂ ਕੀ ਹੋਇਆ?''
ਪਤਨੀ, ''ਉਹ ਮੱਛੀ ਅੱਜ ਘਰ ਆਈ ਸੀ ਅਤੇ ਪੁੱਛ ਰਹੀ ਸੀ ਸ਼ਿਕਾਰੀ ਕਿਧਰ ਗਿਆ ਹੈ।''

***********

ਪਾਪਾ, ''ਪ੍ਰਿਅੰਕਾ, ਤੇਰੇ ਮੈਥ ਵਿੱਚ ਇੰਨੇ ਘੱਟ ਨੰਬਰ ਕਿਉਂ ਆਏ?''
ਪ੍ਰਿਅੰਕਾ, ''ਗੈਰ-ਹਾਜ਼ਰੀ ਕਾਰਨ।''
ਪਾਪਾ, ਪ੍ਰਿਅੰਕਾ ਨੂੰ, 'ਕੀ ਤੂੰ ਗਣਿਤ ਦੀ ਪ੍ਰੀਖਿਆ ਦੇ ਦਿਨ ਗੈਰ-ਹਾਜ਼ਰ ਸੀ?''
ਪ੍ਰਿਅੰਕਾ, ''ਮੈਂ ਨਹੀਂ, ਮੇਰੇ ਨਾਲ ਦੀ ਸੀਟ 'ਤੇ ਬੈਠਣ ਵਾਲੀ ਲੜਕੀ ਗੈਰ-ਹਾਜ਼ਰ ਸੀ।''

********

ਰਾਮੂ (ਸ਼ਾਮ ਨੂੰ), ''ਯਾਰ ਇੱਕ ਕਾਪੀ ਭਰਨ 'ਚ ਸਾਨੂੰ ਸਾਲ ਭਰ ਲੱਗ ਜਾਂਦਾ ਹੈ।''
ਸ਼ਾਮੂ, ''ਕਿਉਂ ਆਪਣੇ ਸਮਾਂ ਖਰਾਬ ਕਰਦੇ ਹੋ। ਬਾਜ਼ਾਰ ਤੋਂ ਭਰੀ-ਭਰਾਈ ਗਾਈਡ ਸਿਰਫ 25 ਰੁਪਏ 'ਚ ਮਿਲ ਜਾਂਦੀ ਹੈ।''

## ਬਿਊਟੀ ਟਿਪਸ ਕਿਉਂ ਲਾਇਆ ਜਾਂਦਾ ਹੈ ਪ੍ਰੈਸਡ ਪਾਊਡਰ

ਸ਼ੀਅਰ ਕਵਰੇਜ ਤੇ ਨੈਚੁਰਲ ਮੇਕਅਪ ਲੁਕ ਦੇ ਲਈ ਪ੍ਰੈਸਡ ਪਾਊਡਰ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹ ਪੋਰਟੇਬਲ, ਕੰਪੈਕਟ ਕੇਸ ਵਿੱਚ ਆਉਂਦੇ ਹਨ। ਇਨ੍ਹਾਂ ਨੂੰ ਇਸ ਤਰ੍ਹਾਂ ਇਸ ਲਈ ਪੈਕ ਕੀਤਾ ਜਾਂਦਾ ਹੈ ਕਿ ਟ੍ਰੈਵਲ ਕਰਦੇ ਹੋਏ ਕੈਰੀ ਕੀਤਾ ਜਾ ਸਕੇ। ਪੇਸ਼ ਹਨ ਇਸ ਨੂੰ ਲਗਾਉਣ ਦੇ ਤਰੀਕੇ-

* ਸੈੱਟ ਕਰਨ ਦੇ ਲਈ ਫਾਊਂਡੇਸ਼ਨ ਅਤੇ ਕੰਸੀਲਰ ਲਾਇਆ ਜਾਂਦਾ ਹੈ। ਬਲੱਸ਼ ਅਤੇ ਕੰਟਿਊਰਿੰਗ ਇਸ ਦੇ ਬਾਅਦ ਕੀਤੀ ਜਾਂਦੀ ਹੈ।
* ਬਿਨਾਂ ਫਾਊਂਡੇਸ਼ਨ ਅਤੇ ਕੰਸੀਲਰ ਦੇ ਇਸ ਨੂੰ ਇਕੱਲਾ ਵੀ ਲਾਇਆ ਜਾਂਦਾ ਹੈ। ਗਰਮੀ ਦੇ ਮੌਸਮ ਵਿੱਚ ਮੈਟ ਇਫੈਕਟ ਦੇ ਲਈ ਲਗਾਇਆ ਜਾਂਦਾ ਹੈ।
* ਬਿਨਾਂ ਕਿਸੇ ਮੇਕਅਪ ਦੇ ਕੇਵਲ ਐਸ ਪੀ ਐਫ ਵਾਲਾ ਪ੍ਰੈਸਡ ਪਾਊਡਰ ਲਾ ਕੇ ਟੈਨਿੰਗ ਤੋਂ ਬਚਿਆ ਜਾਂਦਾ ਹੈ।




## ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



# General ਵੱਰਕਰਾਂ ਦੀ ਤੁਰੰਤ ਲੋੜ ਹੈ

ਬ੍ਰੈਂਪਟਨ ਤੋਂ ਸਿਰਫ 30 ਮਿੰਟਾਂ ਦੀ ਦੂਰੀ ਤੇ

Galvanizing plant located in Acton, ON

ਸਾਰੀਆਂ Shifts available ਹਨ

ਦਿਤੀਆਂ ਜਾਣ ਵਾਲੀਆਂ ਸਹੂਲਤਾਂ:
- Starting wage $16/hr + Medical Benefits
- Company Pension Plan
- Quarterly Incentive bonus

Send Resume to: christopherbrock@azz.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਪੰਥ ਨੇ ਸ਼ਤਾਬਦੀਆਂ ਤਾਂ ਮੰਨਾਈਆਂ ਹਨ, ਪ੍ਰੰਤੂ...!



ਜਸਵੰਤ ਸਿੰਘ 'ਅਜੀਤ'

ਸਿੱਖ ਜਗਤ ਨੇ ਬੀਤੇ ਲਗਪਗ ਪੰਜਾਹ ਵਰ੍ਹਿਆਂ ਵਿਚ, ਅਰਥਾਤ 1969 ਤੋਂ ਹੁਣ ਤਕ, ਸਿਖ ਇਤਿਹਾਸ ਨਾਲ ਸੰਬੰਧਤ ਕਈ ਸ਼ਤਾਬਦੀਆਂ ਮੰਨਾਈਆਂ ਹਨ, ਹੁਣ ਤਾਂ ਅਰਧ-ਸ਼ਤਾਬਦੀਆਂ ਮਨਾਂਉਣ ਵਲ ਵੀ ਰੁਝਾਨ ਵਧਣ ਲਗ ਪਿਆ ਹੈ। ਇਸੇ ਰੁਝਾਨ ਦੇ ਤਹਿਤ ਹੀ ਅਗਲੇ ਵਰ੍ਹੇ ਅਰਥਾਤ 2019 ਵਿੱਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550-ਸਾਲਾ ਪ੍ਰਕਾਸ਼ ਪੁਰਬ ਮਾਏ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹੋਈਆਂ ਹਨ। ਇਤਨਾ ਹੀ ਨਹੀਂ ਇਨ੍ਹਾਂ ਤੋਂ ਬਿਨਾਂ ਹਰ ਵਰ੍ਹੇ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਤ ਕਈ ਪੁਰਬ ਵੀ ਲਗਾਤਾਰ ਮਨਾਏ ਜਾਂਦੇ ਚਲੇ ਆ ਰਹੇ ਹਨ। ਸ਼ਤਾਬਦੀਆਂ ਮੰਨਾਉਂਦਿਆਂ ਹੋਇਆਂ ਦੇਸ਼-ਵਿਦੇਸ਼ ਵਿਚ ਅਨੇਕਾਂ ਸਮਾਗਮ ਕੀਤੇ ਗਏ, ਚੇਤਨਾ ਅਤੇ ਖਾਲਸਾ ਮਾਰਚਾਂ ਦਾ ਆਯੋਜਨ ਵੀ ਕੀਤਾ ਗਿਆ, ਸੈਮੀਨਾਰ ਵੀ ਹੋਏ ਅਤੇ ਵਡੇ ਪੈਮਾਨੇ ਤੇ ਸਾਹਿਤ ਵੀ ਪ੍ਰਕਾਸ਼ਤ ਕਰ ਕੇ ਵੰਡਿਆ ਗਿਆ। ਇਨ੍ਹਾਂ ਕਾਰਜਾਂ ਪੁਰ ਕੌਮ ਦੇ ਕਰੋੜਾਂ ਹੀ ਨਹੀਂ ਅਰਬਾਂ ਰੁਪਏ ਖਰਚ ਹੋਏ। ਸਿੱਖ ਜਗਤ ਵਲੋਂ, ਜੋ ਪੁਰਬ ਮੰਨਾਏ ਜਾਂਦੇ ਚਲੇ ਆ ਰਹੇ ਹਨ, ਉਨ੍ਹਾਂ ਨੂੰ ਮੰਨਾਉਣ ਲਈ ਵੀ ਦੇਸ਼ ਵਿਚਲੀਆਂ ਲਗਭਗ ਸਾਰੀਆਂ ਹੀ ਛੋਟੀਆਂ-ਵੱਡੀਆਂ ਸਿੱਖ ਜਥੇਬੰਦੀਆਂ ਵਲੋਂ ਆਪੋ-ਆਪਣੀ ਸਮਰਥਾ ਅਨੁਸਾਰ ਛੋਟੇ-ਵਡੇ ਪੈਮਾਨੇ ਤੇ ਦੀਵਾਨ ਸਜਾਏ ਜਾਂਦੇ ਹਨ, ਕਥਾ-ਕੀਰਤਨ ਦਾ ਪ੍ਰਵਾਹ ਚਲਾਇਆ ਜਾਂਦਾ ਹੈ, ਕਵੀ ਦਰਬਾਰ ਵੀ ਹੁੰਦੇ ਹਨ ਅਤੇ ਪੰਥਕ ਆਗੂ, ਧਾਰਮਕ ਵਿਦਵਾਨ ਤੇ ਬੁਧੀਜੀਵੀ ਆਪਣੇ ਭਾਸ਼ਣਾਂ ਰਾਹੀਂ ਗੁਰੂ ਸਾਹਿਬ ਦੇ ਜੀਵਨ ਤੇ ਉਪਦੇਸ਼ਾਂ ਬਾਰੇ ਜਾਣਕਾਰੀ ਦਿੰਦਿਆਂ, ਸੰਗਤਾਂ ਨੂੰ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਣ ਦੀ ਪ੍ਰੇਰਨਾ ਵੀ ਕਰਦੇ ਹਨ। ਕਈ ਥਾਂਵਾਂ ਤੇ ਨਗਰ-ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਇਨ੍ਹਾਂ ਸਮਾਗਮਾਂ ਵਿਚ ਇਲਾਕੇ, ਪ੍ਰਦੇਸ਼ ਜਾਂ ਕੇਂਦਰ ਦੇ ਰਾਜਸੀ ਆਗੂਆਂ ਨੂੰ ਬੁਲਾ, ਉਨ੍ਹਾਂ ਦਾ ਗੁਣਗਾਨ ਕਰਨ ਦੇ ਨਾਲ ਹੀ, ਉਨ੍ਹਾਂ ਨੂੰ ਸਿਰੋਪਾਉ ਦੀ ਬਖਸ਼ਸ਼ ਕਰਕੇ ਸਨਮਾਨਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਕਿਰਪਾਨਾਂ, ਧਾਰਮਕ ਚਿੰਨ੍ਹ ਤੇ ਸਿੱਖ ਧਰਮ ਤੇ ਇਤਿਹਾਸ ਨਾਲ ਸੰਬੰਧਤ ਸਾਹਿਤ ਦੀਆਂ ਅਜਿਹੀਆਂ ਮੋਟੀਆਂ-ਮੋਟੀਆਂ ਪੁਸਤਕਾਂ ਵੀ ਭੇਂਟ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਜਾਂ ਸੰਭਾਲਣ ਦਾ ਸਮਾਂ ਸ਼ਾਇਦ ਹੀ ਉਨ੍ਹਾਂ ਵਿਚੋਂ ਕਿਸੇ ਪਾਸ ਹੁੰਦਾ ਹੋਵੇ।

ਆਪਣੇ ਇਸ ਸਨਮਾਨ-ਸਤਿਕਾਰ ਦੇ ਜਵਾਬ ਵਿਚ ਉਨ੍ਹਾਂ ਰਾਜਸੀ ਵਿਅਕਤੀਆਂ ਵਲੋਂ ਸਿੱਖਾਂ ਦਾ ਧੰਨਵਾਦ ਕਰਦਿਆਂ ਗੁਰੂ ਸਾਹਿਬ ਪ੍ਰਤੀ ਸ਼ਰਧਾ ਦੇ ਫੁਲ ਭੇਂਟ ਕੀਤੇ ਜਾਂਦੇ ਅਤੇ ਸਿੱਖਾਂ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਤੇ ਸੇਵਾਵਾਂ ਦੀ ਰਸਮੀ ਪ੍ਰਸ਼ੰਸਾ ਕੀਤੀ ਜਾਂਦੀ ਹੈ ਅਤੇ ਜੈਕਾਰੇ ਲਗਵਾਏ ਜਾਂਦੇ ਹਨ। ਪਤਾ ਨਹੀਂ ਉਨ੍ਹਾਂ ਵਿਚੋਂ ਕਿਸੇ ਨੂੰ ਸਿੱਖਾਂ ਦੀਆਂ ਕੁਰਬਾਨੀਆਂ ਤੇ ਸੇਵਾਵਾਂ ਬਾਰੇ ਜਾਣਕਾਰੀ ਹੁੰਦੀ ਵੀ ਹੈ ਜਾਂ ਨਹੀਂ। ਇਹ ਸਭ-ਕੁਝ ਹੋ ਜਾਣ ਤੋਂ ਬਾਅਦ ਇਹ ਆਖ, ਆਪਣੇ-ਆਪ ਨੂੰ ਸੰਤੁਸ਼ਟ ਕਰ ਲਿਆ ਜਾਂਦਾ ਹੈ ਕਿ ਸ਼ੁਕਰ ਹੈ ਕਿ ਇਤਨਾ ਵਡਾ ਕਾਰਜ 'ਨਿਰਵਿਘਨ' ਸਿਰੇ ਚੜ੍ਹ ਗਿਆ ਹੈ। ਇਹ ਸਭ-ਕੁਝ ਦਹਾਕਿਆਂ ਤੋਂ ਹੁੰਦਾ ਚਲਿਆ ਆ ਰਿਹਾ ਹੈ। ਹੁਣ ਫਿਰ ਅਸੀਂ ਅਗਲੇ ਵਰ੍ਹੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550-ਸਾਲਾ ਪ੍ਰਕਾਸ਼ ਪੁਰਮ ਮੰਨਾਉਣ ਜਾ ਰਹੇ ਹਾਂ। ਇਸ ਮੌਕੇ ਤੇ ਵੀ ਪਹਿਲਾਂ ਵਾਂਗ ਹੀ ਮਾਰਚਾਂ ਦਾ ਆਯੋਜਨ ਕੀਤਾ ਜਾਇਗਾ ਧਾਰਮਕ ਦੀਵਾਨ ਸਜਾਏ ਜਾਣਗੇ, ਗੁਰੂ ਸਾਹਿਬ ਦੇ ਜੀਵਨ-ਕਰਜਾਂ ਦੀ ਚਰਚਾ ਕਰਦਿਆਂ ਸਟੇਜ ਪੁਰ ਲੰਮੇਂ-ਲੰਮੇਂ ਭਾਸ਼ਣ ਦਿਤੇ ਜਾਣਗੇ। ਸੈਮੀਨਾਰ ਵੀ ਹੋਣਗੇ ਅਤੇ ਸਾਹਿਤ ਵੀ ਪ੍ਰਕਾਸ਼ਤ ਕੀਤਾ ਜਾਇਗਾ। ਇਸਤਰ੍ਹਾਂ ਪੁਰਾਣੀ ਸਮੁਚੀ ਰੀਤੀ ਤੇ ਨੀਤੀ ਹੀ ਨਿਭਾਈ ਜਾਇਗੀ।

ਪ੍ਰੰਤੂ ਸੁਆਲ ਉਠਦਾ ਹੈ ਕਿ ਕੀ ਇਸ ਲੰਮੇ ਸਮੇਂ ਦੌਰਾਨ ਕਦੀ ਵੀ ਕਿਸੇ ਪੰਥਕ ਸੰਸਥਾ ਜਾਂ ਕੰਹਿੰਦੇ-ਕਹਾਉਂਦੇ ਪੰਥਕ ਆਗੂਆਂ ਵਿਚੋਂ ਕਿਸੇ ਨੇ ਇਸ ਬਾਰੇ ਸੋਚਣ ਅਤੇ ਸਮਝਣ ਦੀ ਲੋੜ ਸਮਝੀ ਕਿ ਇਸਤਰ੍ਹਾਂ ਹਰ ਸਾਲ ਪੁਰਬ ਅਤੇ ਸ਼ਤਾਬਦੀਆਂ ਮੰਨਾਉਂਦਿਆਂ ਕੌਮ ਦੇ ਕਰੋੜਾਂ ਰੁਪਏ ਖਰਚ ਕਰਕੇ ਉਹ ਉਸਨੂੰ ਕੀ ਪ੍ਰਾਪਤੀਆਂ ਕਰਕੇ ਦੇ ਰਹੇ ਹਨ? ਕੀ ਗੁਰੂ ਸਾਹਿਬ ਦੇ ਜੀਵਨ-ਉਪਦੇਸ਼ਾਂ ਤੋਂ ਉਨ੍ਹਾਂ ਆਪ ਕੋਈ ਸੇਧ ਲਈ ਹੈ, ਜਾਂ ਉਨ੍ਹਾਂ ਗੁਰੂ ਸਾਹਿਬ ਦੇ ਸਰਬ-ਸਾਂਝੀਵਾਲਤਾ, ਸਰਬ-ਕਲਿਆਣਤਾ ਅਤੇ ਸਦਭਾਵਨਾ ਦੇ ਸੰਦੇਸ਼ ਨੂੰ ਆਮ ਲੋਕਾਂ ਤਕ ਪਹੁੰਚਾਣ ਦਾ ਕੋਈ ਸਾਰਥਕ ਉਪਰਾਲਾ ਕੀਤਾ ਹੈ ਜਾਂ ਕਰ ਰਹੇ ਹਨ, ਜਾਂ ਫਿਰ ਪੁਰਬ ਤੇ ਸ਼ਤਾਬਦੀਆਂ ਮੰਨਾ, ਕੇਵਲ ਰਸਮ-ਅਦਾਇਗੀ ਹੀ ਕੀਤੀ ਜਾ ਰਹੀ ਹੈ? ਸ਼ਾਇਦ ਹੀ ਕਿਸੇ 'ਪੰਥ ਸੇਵਕ' ਜਾਂ 'ਪੰਥ ਦਰਦੀ' ਜਾਂ ਸਿੱਖੀ ਨੂੰ ਲਗ ਰਹੀ ਢਾਹ ਪੁਰ ਅਥਰੂ ਵਹਾਣ ਵਾਲੇ ਕਿਸੇ 'ਧਰਮੀ ਆਗੂ' ਨੇ ਇਸ ਬਾਰੇ ਕਦੀ ਸੋਚਣ ਤੇ ਸਮਝਣ ਦੀ ਲੋੜ ਮਹਿਸੂਸ ਕੀਤੀ ਹੋਵੇ? ਸਿੱਖਾਂ ਦੀਆਂ ਕਈ ਧਾਰਮਕ, ਵਿਦਿਅਕ ਤੇ ਸਮਾਜਕ ਸੰਸਥਾਵਾਂ ਅਜਿਹੀਆਂ ਹਨ, ਜੋ ਸਮੇਂ-ਸਮੇਂ ਦੇਸ਼, ਸਮਾਜ, ਕੌਮ ਆਦਿ ਨਾਲ ਸੰਬੰਧਿਤ ਵਿਸ਼ਿਆਂ ਤੇ ਸੈਮੀਨਾਰਾਂ ਦਾ ਆਯੋਜਨ ਕਰਦੀਆਂ ਰਹਿੰਦੀਆਂ ਹਨ, ਪ੍ਰੰਤੂ ਇਨ੍ਹਾਂ ਵਿਚੋਂ ਕਿਸੇ ਨੇ ਵੀ ਅਜਤਕ ਕੋਈ ਅਜਿਹਾ ਸੈਮੀਨਾਰ ਆਯੋਜਿਤ ਕਰਨ ਬਾਰੇ ਨਾ ਤਾਂ ਕੋਈ ਅਜਿਹਾ ਸੈਮੀਨਾਰ ਜਾਂ ਗੋਸ਼ਟੀ ਕਰਵਾਉਣ ਦੀ ਲੋੜ ਨਹੀਂ ਸਮਝੀ ਜਿਸ ਵਿਚ, 'ਬੀਤੇ ਪੰਜਾਹ-ਕੁ ਵਰ੍ਹਿਆਂ ਵਿਚ ਮੰਨਾਈਆਂ ਗਈਆਂ ਸ਼ਤਾਬਦੀਆਂ ਰਾਹੀਂ ਕੀ ਪਾਇਆ ਅਤੇ ਕੀ ਗਵਾਇਆ ਹੈ?' ਵਿਸ਼ੇ ਤੇ ਵਿਚਾਰ ਕੀਤੀ ਜਾ ਸਕੇ।

ਇਸੇ ਅਣਗਹਿਲੀ ਦਾ ਹੀ ਨਤੀਜਾ ਹੈ ਕਿ ਸਿੱਖਾਂ ਦੇ ਵੱਡੇ-ਵੱਡੇ ਧਾਰਮਕ ਸਮਾਗਮ ਮੇਲੇ ਬਣ ਕੇ ਰਹਿ ਗਏ ਹੋਏ ਹਨ। ਜੇ ਸਮਾਂ ਰਹਿੰਦਿਆਂ ਅਜੇ ਵੀ ਨਾ ਚੇਤੇ ਤਾਂ ਅਗੋਂ ਵੀ ਗੁਰਪੁਰਬਾਂ ਅਤੇ ਸ਼ਤਾਬਦੀਆਂ- ਅਰਧ ਸ਼ਤਾਬਦੀਆਂ ਨਾਲ ਸੰਬੰਧਤ ਸਮਾਗਮ ਮੇਲੇ ਹੀ ਬਣਦੇ ਰਹਿਣਗੇ। ਹਰ ਕੋਈ ਜਾਣਦਾ ਹੈ ਕਿ ਪੰਡਾਲ ਵਿਚ ਕਥਾ-ਕੀਰਤਨ ਸ੍ਰਵਣ ਕਰਨ ਲਈ ਜੁੜੀਆਂ ਸੰਗਤਾਂ ਨਾਲੋਂ ਕਿਤੇ ਵਧ 'ਸੰਗਤਾਂ' ਪੰਡਾਲ ਤੋਂ ਬਾਹਰ ਲਗੇ ਖਾਣੇ ਦੇ ਵੱਖ-ਵੱਖ ਸਟਾਲਾਂ ਤੇ ਚਟਕਾਰੇ ਲੈਂਦੀਆਂ ਵਿਖਾਈ ਦਿੰਦੀਆਂ ਹਨ। ਸੱਚਾਈ ਤਾਂ ਇਹ ਵੀ ਹੈ ਕਿ ਆਸਾ ਦੀ ਵਾਰ ਤੋਂ ਰਹਿਰਾਸ ਸਾਹਿਬ ਦੇ ਪਾਠ ਤਕ ਦੇ ਸਮੇਂ ਦੌਰਾਨ, ਪੰਡਾਲ ਵਿਚ ਬੈਠੀਆਂ 'ਸੰਗਤਾਂ' ਵਿਚੋਂ ਵੀ ਕੁਝ ਹੀ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਮਨ ਕਥਾ-ਕੀਰਤਨ ਵਿਚ ਜੁੜਿਆ ਹੁੰਦਾ ਹੈ, ਵਧੇਰੇ ਤਾਂ ਆਪੋ-ਵਿਚ ਗਲਾਂ ਕਰਦੀਆਂ ਤੇ ਇਕ-ਦੂਜੇ ਨਾਲ ਦੁਖ-ਸੁਖ ਫਰੋਲਦੀਆਂ ਜਾਂ ਫਿਰ ਆਉਣ-ਜਾਣ ਵਾਲਿਆਂ ਵਿਚੋਂ ਆਪਣੇ ਰਿਸ਼ਤੇਦਾਰਾਂ ਜਾਂ ਜਾਣ-ਪਹਿਚਾਣ ਵਾਲਿਆਂ ਦੇ ਚੇਹਰੇ ਪਛਾਨਣ ਦੀ ਕੋਸ਼ਿਸ਼ ਕਰਦੀਆਂ ਹੀ ਨਜ਼ਰ ਆਉਂਦੀਆਂ ਹਨ।

ਸੰਕੀਰਣ ਸੋਚ : ਸ਼ਾਇਦ ਹੀ ਕਦੀ ਕਿਸੇ ਸਿੱਖ ਆਗੂ ਵਲੋਂ ਗੁਰੂ ਸਾਹਿਬਾਂ ਦੇ ਜੀਵਨ-ਇਤਿਹਾਸ ਦੇ ਉਨ੍ਹਾਂ ਪੰਨਿਆਂ ਨੂੰ ਪੜ੍ਹਿਆ, ਫਰੋਲਿਆ ਜਾਂ ਘੋਖਿਆ ਗਿਆ ਹੋਵੇ, ਜਿਨ੍ਹਾਂ ਵਿਚ ਦਰਜ ਹੈ, ਕਿ ਗੁਰੂ ਸਾਹਿਬਾਨ ਸਿੱਖੀ ਦੇ ਪ੍ਰਚਾਰ ਲਈ, ਪੈਦਲ ਤੇ ਕਈ ਵਾਰੀ ਨੰਗੇ ਪੈਰੀਂ ਵੀ ਖਤਰਨਾਕ ਜੰਗਲਾਂ-ਬੇਲਿਆਂ ਵਿਚੋਂ ਦੀ ਹੁੰਦੇ ਹੋਏ ਦੂਰ-ਦਰਾਜ਼ ਤਕ ਦੀਆਂ ਲੰਮੀਆਂ ਅਤੇ ਕਸ਼ਟਦਾਇਕ ਯਾਤ੍ਰਾਵਾਂ ਕਰਿਆ ਕਰਦੇ ਸਨ। ਉਹ ਦੂਜੇ ਧਰਮਾਂ ਦੇ ਤਿਉਹਾਰਾਂ ਦੇ ਮੌਕੇ 'ਤੇ ਉਨ੍ਹਾਂ ਦੇ ਧਰਮ ਅਸਥਾਨਾਂ ਤੇ ਜਾਂਦੇ ਤੇ ਉਨ੍ਹਾਂ ਦੀਆਂ ਪੂਜਾ-ਅਰਚਨਾ ਕਰਨ ਦੀਆਂ ਮਾਨਤਾਵਾਂ ਤੇ ਪਰੰਪਰਾਵਾਂ ਨੂੰ ਗੰਭੀਰਤਾ ਨਾਲ ਵੇਖਦੇ ਤੇ ਸਮਝਦੇ ਸਨ। ਫਿਰ ਉਨ੍ਹਾਂ ਨੂੰ ਹੀ ਆਧਾਰ ਬਣਾ ਕੇ ਉਥੇ ਜੁੜੇ ਲੋਕਾਂ ਨੂੰ ਸਿੱਖੀ ਦੇ ਪੂਜਾ-ਅਰਚਨਾ ਕਰਨ ਦੇ ਸਿਧਾਂਤਾਂ ਬਾਰੇ ਜਾਣਕਾਰੀ ਦਿੰਦੇ ਤੇ ਸਿੱਖੀ ਦਾ ਪ੍ਰਚਾਰ ਕਰਦੇ ਤੇ ਉਨ੍ਹਾਂ ਨੂੰ ਪ੍ਰਭਾਵਤ ਕਰ ਆਪਣੇ ਨਾਲ ਜੋੜਦੇ ਸਨ।

ਅਜ ਦੇ ਸਿੱਖੀ ਪ੍ਰਤੀ ਸਮਰਪਤ ਹੋਣ ਦੇ ਦਾਅਵੇਦਾਰ ਪ੍ਰਚਾਰਕਾਂ ਤੇ ਧਾਰਮਕ ਆਗੂਆਂ ਦਾ ਦੂਜੇ ਧਰਮਾਂ ਦੇ ਅਸਥਾਨਾਂ ਤੇ ਜਾ ਸਿੱਖੀ ਦਾ ਸੰਦੇਸ਼ ਦੇਣਾ ਤਾਂ ਦੂਰ ਰਿਹਾ, ਉਹ ਉਨ੍ਹਾਂ ਮਹਾਂਪੁਰਖਾਂ ਦੇ ਜਨਮ ਦਿਨਾਂ ਜਾਂ ਉਨ੍ਹਾਂ ਦੇ ਜੀਵਨ ਨਾਲ ਸੰਬੰਧਤ ਹੋਣ ਵਾਲੇ ਕਿਸੇ ਸਮਾਗਮ ਵਿਚ ਸ਼ਾਮਲ ਹੋਣਾ ਜਾਂ ਇਨ੍ਹਾਂ ਮੌਕਿਆਂ ਤੇ ਉਨ੍ਹਾਂ ਦੇ ਪੈਰੋਕਾਰਾਂ ਦੇ ਨਾਲ ਮਿਲ ਬੈਠਣਾ ਵੀ ਜ਼ਰੂਰੀ ਨਹੀਂ ਸਮਝਦੇ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਗੁਰੂ ਸਾਹਿਬਾਨ ਦੀ ਬਾਣੀ ਦੇ ਬਰਾਬਰ ਦਾ ਸਨਮਾਨ ਦਿਤਾ ਹੋਇਆ ਹੈ।

...ਅਤੇ ਅੰਤ ਵਿੱਚ : ਅਜਕਲ ਸਿੱਖ ਧਰਮ ਦੇ ਵਿਦਵਾਨਾਂ ਤੇ ਬੁਧੀਜੀਵੀਆਂ ਵਲੋਂ ਸਿੱਖੀ ਦਾ ਪ੍ਰਚਾਰ ਤੇ ਪਸਾਰ ਕਰਨ ਵਿਚ ਆਪਣੇ ਗਿਆਨ ਦੀ ਵਰਤੋਂ ਕਰਨ ਦੀ ਬਜਾਏ, ਪੂਰਾ ਜ਼ੋਰ ਇਸ ਗਲ ਤੇ ਲਾਇਆ ਜਾਂਦਾ ਹੈ ਕਿ ਕਿਸੇ ਤਰ੍ਹਾਂ ਉਹ ਆਪਣੇ ਆਪਨੂੰ ਸਾਰਿਆਂ ਨਾਲੋਂ ਵਧ ਵਿਦਵਾਨ ਅਤੇ ਸਿੱਖ ਧਰਮ ਅਤੇ ਇਤਿਹਾਸ ਦੇ ਖੋਜੀ ਸਾਬਤ ਕਰ ਸਕਣ। ਇਸ ਉਦੇਸ਼ ਲਈ ਉਹ ਪਹਿਲਾਂ ਤੋਂ ਹੀ ਪਏ ਹੋਏ ਭੁਲੇਖਿਆਂ ਨੂੰ ਦੂਰ ਕਰਨ ਦੇ ਨਾਂ ਤੇ ਅਜਿਹੇ ਨਵੇਂ ਭਰਮ-ਭੁਲੇਖੇ ਤੇ ਵਿਵਾਦ ਪੈਦਾ ਕਰ ਰਹੇ ਹਨ, ਜਿਨ੍ਹਾਂ ਨਾਲ ਸਮੁਚਾ ਸਿਖ ਜਗਤ ਦੁਬਿਧਾ ਵਿਚ ਪੈਂਦਾ ਜਾ ਰਿਹਾ ਹੈ। ਉਸਨੂੰ ਸਮਝ ਨਹੀਂ ਆ ਰਹੀ ਕਿ ਉਹ ਸਥਾਪਤ ਮਰਿਆਦਾਵਾਂ ਤੇ ਪਰੰਪਰਾਵਾਂ ਪੁਰ ਵਿਸ਼ਵਾਸ ਕਰੇ ਜਾਂ ਬੁਧੀਜੀਵੀਆਂ ਵਲੋਂ ਨਵੀਆਂ ਦਰਸਾਈਆਂ ਜਾ ਰਹੀਆਂ ਮਰਿਆਦਾਵਾਂ ਤੇ ਪਰੰਪਰਾਵਾਂ ਪੁਰ। ਇਸੇ ਦੁਬਿਧਾ ਦੇ ਫਲਸਰੂਪ ਉਸਦੇ ਦਿਲ ਵਿਚ ਵਿਸ਼ਵਾਸ ਅਤੇ ਅਵਿਸ਼ਵਾਸ ਵਿਚ ਸੰਘਰਸ਼ ਦੀ ਸਥਿਤੀ ਪੈਦਾ ਹੋ ਰਹੀ ਹੈ। ਇਸੇ ਦੁਬਿਧਾ ਭਰੇ ਸੰਘਰਸ਼ ਵਿਚੋਂ ਉਭਰਨ ਲਈ ਕੁਝ ਤਾਂ ਡੇਰਿਆਂ ਵਲ ਮੂੰਹ ਕਰ ਰਹੇ ਹਨ ਤੇ ਕੁਝ ਸਿੱਖੀ ਵਿਰਸੇ ਨਾਲੋਂ ਟੁਟ ਸਿੱਖੀ ਸਰੂਪ ਨੂੰ ਤਿਲਾਂਜਲੀ ਦੇਣ ਲਈ ਪ੍ਰੇਰਿਤ ਹੋ ਰਹੇ ਹਨ।

# ਨਾਰਵੇ ਦੇ ਆਗੂ ਦਾ ਕਸ਼ਮੀਰ 'ਚ ਕੀ ਕੰਮ

-ਵਿਵੇਕ ਕਾਟਜੂ

ਨਾਰਵੇ ਦੇ ਸਾਬਕਾ ਪ੍ਰਧਾਨ ਮੰਤਰੀ ਸ਼ੇਲ ਮਾਗਨੇ ਬੋਂਦੇਵਿਕ ਨੇ ਪਿਛਲੇ ਦਿਨੀਂ ਸ੍ਰੀਨਗਰ ਦਾ ਦੌਰਾ ਕੀਤਾ। ਉਥੇ ਉਨ੍ਹਾਂ ਨੇ ਵੱਖਵਾਦੀ ਹੁਰੀਅਤ ਨੇਤਾ ਸਈਅਦ ਅਲੀ ਸ਼ਾਹ ਗਿਲਾਨੀ, ਮੀਰਵਾਇਜ਼ ਉਮਰ ਫਾਰੂਕ ਅਤੇ ਯਾਸੀਨ ਮਲਿਕ ਨਾਲ ਮੁਲਾਕਾਤ ਕੀਤੀ। ਉਹ ਕਸ਼ਮੀਰ ਹਾਈ ਕੋਰਟ ਬਾਰ ਐਸੋਸੀਏਸ਼ਨ ਤੇ ਕਸ਼ਮੀਰ ਚੈਂਬਰ ਆਫ ਬਿਜ਼ਨੈਸ ਐਂਡ ਇੰਡਸਟਰੀ ਦੇ ਮੈਂਬਰਾਂ ਨੂੰ ਵੀ ਮਿਲੇ। ਸ੍ਰੀਨਗਰ ਦੌਰੇ ਮਗਰੋਂ ਬੋਂਦੇਵਿਕ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ ਓ ਕੇ) ਵੀ ਗਏ। ਉਥੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਅਤੇ ਪੀ ਓ ਕੇ ਦੇ ਕਥਿਤ ਰਾਸ਼ਟਰਪਤੀ ਮਸੂਦ ਖਾਨ ਨਾਲ ਵੀ ਉਨ੍ਹਾਂ ਦੀ ਬੈਠਕ ਹੋਈ। ਉਨ੍ਹਾਂ ਨੇ ਕੰਟਰੋਲ ਰੇਖਾ ਭਾਵ ਐਲ ਓ ਸੀ ਦਾ ਦੌਰਾ ਵੀ ਕੀਤਾ।

ਬੋਂਦੇਵਿਕ ਦੇ ਇਸ ਦੌਰੇ ਨਾਲ ਕਈ ਸਵਾਲ ਖੜੇ ਹੋਏ ਹਨ। ਸਭ ਵਿਸ਼ਲੇਸ਼ਕ ਉਨ੍ਹਾਂ ਦਾ ਜਵਾਬ ਲੱਭਣ ਲੱਗੇ ਹੋਏ ਹਨ, ਜਿਨ੍ਹਾਂ ਵਿੱਚ ਮੈਂ ਵੀ ਹਾਂ। ਬੀਤੇ ਕਈ ਸਾਲਾਂ ਵਿੱਚ ਪਹਿਲੀ ਵਾਰ ਇਹ ਹੋਇਆ ਕਿ ਕਿਸੇ ਵਿਦੇਸ਼ੀ ਸਿਆਸੀ ਹਸਤੀ ਨੂੰ ਕਸ਼ਮੀਰ ਵਿੱਚ ਵੱਖਵਾਦੀ ਆਗੂਆਂ ਨਾਲ ਮਿਲਣ ਦਿੱਤਾ ਗਿਆ ਹੋਵੇ। ਹਾਲਾਂਕਿ ਬੋਂਦੇਵਿਕ ਕਿਸੇ ਅਧਿਕਾਰਤ ਅਹੁਦੇ 'ਤੇ ਨਹੀਂ ਹਨ, ਪਰ ਉਹ ਕਸ਼ਮੀਰ ਵਿੱਚ ਦਿਲਚਸਪੀ ਕਿਉਂ ਲੈ ਰਹੇ ਹਨ? ਚਿੰਤਾ ਦੀ ਇਕ ਹੋਰ ਵਜ੍ਹਾ ਨਾਰਵੇ ਦੇ ਆਗੂਆਂ ਦਾ ਉਹ ਵਤੀਰਾ ਵੀ ਹੈ ਜਿਸ ਤਹਿਤ ਉਹ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਨੂੰ ਸੁਲਝਾਉਣ ਵਿੱਚ ਬਿਨ ਬੁਲਾਏ ਮਹਿਮਾਨ ਦੀ ਤਰ੍ਹਾਂ ਸ਼ਾਂਤੀਦੂਤ ਬਣਨ ਦੀ ਪਹਿਲ ਕਰਦੇ ਹਨ। ਸ੍ਰੀਲੰਕਾ ਵਿੱਚ ਵੀ ਨਾਰਵੇ ਨੇ ਇਹੋ ਕੀਤਾ ਪਰ ਉਥੇ ਉਸ ਦੀਆਂ ਕੋਸ਼ਿਸ਼ਾਂ ਕਾਮਯਾਬ ਨਹੀਂ ਹੋਈਆਂ। ਸੰਨ 2005 ਵਿੱਚ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਆਪਣਾ ਦੂਜਾ ਕਾਰਜਕਾਲ ਪੂਰਾ ਕਰਨ ਤੋਂ ਬਾਅਦ ਬੋਂਦੇਵਿਕ ਵੀ ਸ਼ਾਂਤੀ ਅਤੇ ਸੁਲ੍ਹਾ ਕਰਾਉਣ ਦੀ ਕੋਸ਼ਿਸ਼ ਵਿੱਚ ਸਰਗਰਮ ਹੋ ਗਏ। ਸੰਨ 2006 ਵਿੱਚ ਉਨ੍ਹਾਂ ਨੇ ਓਸਲੋ ਸੈਂਟਰ ਫਾਰ ਪੀਸ ਐਂਡ ਹਿਊਮਨ ਰਾਈਟਸ ਬਣਾਈ। ਇਸ ਸੰਸਥਾ ਨੇ ਆਪਣੇ ਜਿਹੀਆਂ ਕਈ ਸੰਸਥਾਵਾਂ ਨਾਲ ਵੀ ਮੇਲਜੋਲ ਵਧਾਇਆ ਜਿਸ ਵਿੱਚ ਸਾਬਕਾ ਅਮਰੀਕੀ ਰਾਸ਼ਟਰਪਤੀ ਜਿਮੀ ਕਾਰਟਰ ਦੁਆਰਾ ਬਣਾਈ ਪੀਸ ਸੈਂਟਰ ਵੀ ਸ਼ਾਮਲ ਹੈ। ਆਪਣੇ ਕੇਂਦਰ ਜ਼ਰੀਏ ਬੋਂਦੇਵਿਕ ਨੇ ਸੋਮਾਲੀਆ ਅਤੇ ਦੱਖਣੀ ਸੂਡਾਨ ਵਿੱਚ ਜਾਰੀ ਸੰਘਰਸ਼ ਵਿੱਚ ਵਿਚੋਲਗੀ ਕਰਕੇ ਸ਼ਾਂਤੀ ਬਹਾਲੀ ਦੀਆਂ ਕੋਸ਼ਿਸ਼ਾਂ ਕੀਤੀਆਂ। ਉਨ੍ਹਾਂ ਦੀ ਸੰਸਥਾ ਨੇ ਮਿਆਂਮਾਰ ਵਿੱਚ ਵੀ ਦਿਲਚਸਪੀ ਦਿਖਾਈ। ਅਜਿਹੇ ਵਿੱਚ ਉਨ੍ਹਾਂ ਦੇ ਸ੍ਰੀਨਗਰ ਦੌਰੇ ਦੇ ਮਕਸਦ ਅਤੇ ਉਸ ਮਗਰੋਂ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਵਿੱਚ ਜਾਣ ਦੀ ਸੋਚ 'ਤੇ ਸਵਾਲ ਉਠਣੇ ਸੁਭਾਵਿਕ ਹਨ। ਕੀ ਉਹ ਹਾਲਾਤ ਦਾ ਜਾਇਜ਼ਾ ਲੈ ਰਹੇ ਸਨ?

ਬੋਂਦੇਵਿਕ ਦੇ ਦੌਰੇ ਬਾਰੇ ਸਰਕਾਰ ਨੇ ਚੁੱਪ ਧਾਰ ਰੱਖੀ ਹੈ। ਨਾਰਵੇ ਮੁੜਨ ਪਿੱਛੋਂ ਪੱਤਰਕਾਰਾਂ ਨੂੰ ਦਿੱਤੀ ਇੰਟਰਵਿਊ ਵਿੱਚ ਉਨ੍ਹਾਂ ਖੁਲਾਸਾ ਕੀਤਾ ਕਿ ਦੌਰੇ ਬਾਰੇ ਵਿਦੇਸ਼ ਮੰਤਰਾਲੇ ਨਾਲ ਉਨ੍ਹਾਂ ਦਾ ਕੋਈ ਸੰਪਰਕ ਨਹੀਂ ਹੋਇਆ, ਪਰ ਉਨ੍ਹਾਂ ਨੇ 'ਦਿੱਲੀ' ਨਾਲ ਗੱਲ ਕੀਤੀ ਅਤੇ ਉਨ੍ਹਾਂ ਦੇ ਸਾਂਝੀਦਾਰ ਸ੍ਰੀਸ੍ਰੀ ਰਵੀਸ਼ੰਕਰ ਨੇ ਇਸ ਦੌਰੇ ਨੂੰ ਸੰਭਵ ਬਣਾਉਣ ਵਿੱਚ ਮਦਦ ਕੀਤੀ। ਸ੍ਰੀਨਗਰ ਵਾਲੀ ਬੈਠਕ ਸ਼ਹਿਰ ਦੇ ਡਿਪਟੀ ਮੇਅਰ ਨੇ ਕਰਵਾਈ। ਬੋਂਦੇਵਿਕ ਨੇ ਦੱਸਿਆ ਕਿ ਉਨ੍ਹਾਂ ਨੇ ਹੁਰੀਅਤ ਨੇਤਾਵਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਸ਼ਾਂਤੀਪੂਰਨ ਢੰਗ ਨਾਲ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਸ਼ਮੀਰ ਮੁੱਦੇ ਦਾ ਕੋਈ ਫੌਜੀ ਹੱਲ ਸੰਭਵ ਨਹੀਂ। ਇਸ ਨੂੰ ਸਿਰਫ ਗੱਲਬਾਤ ਨਾਲ ਸੁਲਝਾਇਆ ਜਾ ਸਕਦਾ ਹੈ ਤੇ ਉਹ ਵੀ ਅਗਲੇ ਸਾਲ ਚੋਣਾਂ ਤੋਂ ਪਹਿਲਾਂ ਸ਼ੁਰੂ ਨਹੀਂ ਹੋ ਸਕਦੀ। ਕਸ਼ਮੀਰ ਸਮੱਸਿਆ ਨੂੰ ਸੁਲਝਾਉਣ ਦੀ ਰਾਹ ਵਿੱਚ ਬੋਂਦੇਵਿਕ ਨੇ ਭਾਰਤ ਦੀ ਇਸ ਲਿਹਾਜ਼ ਨਾਲ ਸ਼ਲਾਘਾ ਵੀ ਕੀਤੀ ਕਿ ਉਹ ਦੁਵੱਲੀ ਵਾਰਤਾ ਵਰਗੇ ਬਦਲ 'ਤੇ ਤਿਆਰ ਹੈ, ਪਰ ਨਾਲ ਹੀ ਉਨ੍ਹਾਂ ਇਹ ਵੀ ਜੋੜਿਆ ਕਿ 'ਇਸ ਵਿੱਚ ਇਹ ਓਨਾ ਹੀ ਮਹੱਤਵਪੂਰਨ ਹੈ ਕਿ ਕਸ਼ਮੀਰ ਨਾਲ ਜੁੜੇ ਯੂ ਐਨ ਦੇ ਪ੍ਰਸਤਾਵ ਤੇ ਉਥੇ ਮਨੁੱਖੀ ਅਧਿਕਾਰਾਂ 'ਤੇ ਆਈ ਹਾਲੀਆ ਰਿਪੋਰਟ ਦਾ ਵੀ ਨੋਟਿਸ ਲਿਆ ਜਾਵੇ। ਇਸ ਵਿੱਚ ਭਾਰਤ, ਪਾਕਿ-ਸਤਾਨ ਅਤੇ ਕਸ਼ਮੀਰ ਤਿੰਨਾਂ ਧਿਰਾਂ ਦੇ ਨੇਤਾਵਾਂ ਵਿਚਾਲੇ ਗੱਲਬਾਤ ਹੋਣੀ ਚਾਹੀਦੀ ਹੈ।'

ਸਾਫ ਹੈ ਕਿ ਕਸ਼ਮੀਰ ਬਾਰੇ ਬੋਂਦੇਵਿਕ ਦੇ ਸੁਝਾਅ ਅਤੇ ਪਾਕਿਸਤਾਨ ਜਾਂ ਹੁਰੀਅਤ ਨੇਤਾਵਾਂ ਦੀ ਹਮਾਇਤ ਵਿੱਚ ਕੋਈ ਫਰਕ ਨਹੀਂ ਹੈ। ਇਹ ਭਾਰਤੀ ਸੰਵਿਧਾਨ ਤੇ ਲੰਬੇ ਸਮੇਂ ਤੋਂ ਅਪਣਾਈ ਗਈ ਭਾਰਤੀ ਰਣਨੀਤੀ ਦੇ ਉਲਟ ਹੈ। ਜੰਮੂ ਕਸ਼ਮੀਰ ਭਾਰਤ ਦਾ ਅਨਿੱਖੜਵਾਂ ਹਿੱਸਾ ਹੈ ਤਾਂ ਉਥੋਂ ਦੇ ਸਾਰੇ ਨਾਗਰਿਕ ਵੀ ਭਾਰਤੀ ਹਨ। ਅਜਿਹੇ ਵਿੱਚ ਉਨ੍ਹਾਂ ਨਾਲ ਚਰਚਾ ਸਾਡੇ ਸੰਵਿਧਾਨ ਦੇ ਦਾਇਰੇ ਵਿੱਚ ਹੋਵੇਗੀ ਤੇ ਇਹ ਪੂਰੀ ਤਰ੍ਹਾਂ ਸਾਡਾ ਅੰਦਰੂਨੀ ਮਾਮਲਾ ਹੈ। ਇਸ ਵਿੱਚ ਕਿਸੇ ਹੋਰ ਦੇਸ਼ ਦੀ ਕੋਈ ਭੂਮਿਕਾ ਨਹੀਂ। ਭਾਰਤ ਵਿੱਚ ਸਰਕਾਰਾਂ ਨੂੰ ਕਸ਼ਮੀਰ ਦੀ ਅੰਦਰੂਨੀ ਸੁਰੱਖਿਆ ਬਾਰੇ ਪੂਰੀ ਸੰਵੇਦਨਸ਼ੀਲਤਾ ਨਾਲ ਨਿਪਟਾਰਾ ਕਰਨਾ ਚਾਹੀਦਾ ਹੈ। ਇਸ ਵਿੱਚ ਸੂਬੇ ਦੇ ਸਾਰੇ ਵਰਗਾਂ ਦਾ ਖਿਆਲ ਰੱਖਣਾ ਹੋਵੇਗਾ। ਉਨ੍ਹਾਂ ਨੂੰ ਅਹਿਸਾਸ ਕਰਾਉਣਾ ਹੋਵੇਗਾ ਕਿ ਉਹ ਵੀ ਹੋਰ ਭਾਰਤੀਆਂ ਦੀ ਤਰ੍ਹਾਂ ਸਾਡੇ ਦੇਸ਼ ਵਿੱਚ ਬਰਾਬਰ ਦੇ ਹਿੱਸੇਦਾਰ ਹਨ। ਇਸ ਦਾ ਅਰਥ ਇਹ ਨਹੀਂ ਕਿ ਅੱਤਵਾਦੀਆਂ ਤੇ ਵੱਖਵਾਦੀਆਂ ਨਾਲ ਕਿਸੇ ਤਰ੍ਹਾਂ ਦੀ ਨਰਮੀ ਵਰਤੀ ਜਾਵੇ। ਕਸ਼ਮੀਰ ਬਾਰੇ ਪਾਕਿਸਤਾਨ ਦੇ ਨਾਲ ਸਮੱਸਿਆ ਉਸ ਇਲਾਕੇ ਤੋਂ ਹੈ, ਜਿਸ 'ਤੇ ਉਹ ਨਾਜਾਇਜ਼ ਤਰੀਕੇ ਨਾਲ ਕਬਜ਼ਾ ਕਰੀ ਬੈਠਾ ਹੈ। ਸ਼ਿਮਲਾ ਸਮਝੌਤੇ ਤਹਿਤ ਕਸ਼ਮੀਰ ਮੁੱਦਾ ਦੁਵੱਲੇ ਪੱਧਰ 'ਤੇ ਸੁਲਝਾਇਆ ਜਾਵੇਗਾ ਅਤੇ ਇਸ ਵਿੱਚ ਤੀਜੀ ਧਿਰ ਦੀ ਭੂਮਿਕਾ ਨਹੀਂ ਹੋਵੇਗੀ। ਯੂ ਐਨ ਦੇ ਪ੍ਰਸਤਾਵ ਵੀ ਸਵੀਕਾਰਨ ਯੋਗ ਨਹੀਂ ਰਹਿ ਗਏ। ਯੂ ਐਨ ਸੁਰੱਖਿਆ ਪ੍ਰੀਸ਼ਦ ਵਿੱਚ ਕਸ਼ਮੀਰ ਮੁੱਦੇ 'ਤੇ ਆਖਰੀ ਵਾਰ ਚਰਚਾ 1965 ਵਿੱਚ ਹੋਈ ਸੀ। ਪਾਕਿਸਤਾਨ ਨੂੰ ਛੱਡ ਕੇ ਕਿਸੇ ਹੋਰ ਦੇਸ਼ ਨੇ ਇਸ 'ਤੇ ਸਵਾਲ ਨਹੀਂ ਕੀਤਾ।

ਇਸ ਸਾਲ ਜੂਨ ਵਿੱਚ ਕੰਟਰੋਲ ਰੇਖਾ (ਐਲ ਓ ਸੀ) ਦੇ ਦੋਵੇਂ ਪਾਸੇ ਮਨੁੱਖੀ ਅਧਿਕਾਰਾਂ ਉੱਤੇ ਯੂ ਐਨ ਮਨੁੱਖੀ ਅਧਿਕਾਰ ਦਫਤਰ ਦੀ ਰਿਪੋਰਟ ਜਦੋਂ ਆਈ, ਭਾਰਤ ਨੇ ਉਸ ਨੂੰ ਓਨੀ ਹੀ ਤੇਜ਼ੀ ਨਾਲ ਰੱਦ ਵੀ ਕਰ ਦਿੱਤਾ ਕਿਉਂਕਿ ਇਹ ਰਿਪੋਰਟ ਪੱਖਪਾਤੀ ਢੰਗ ਨਾਲ ਤਿਆਰ ਕੀਤੀ ਗਈ ਸੀ। ਅਸਲ ਵਿੱਚ ਇਹ ਸਾਬਕਾ ਮਨੁੱਖੀ ਅਧਿਕਾਰ ਹਾਈ ਕਮਿਸ਼ਨਰ ਜੈਦ ਹੁਸਨੈਨੀ ਦੀ ਸ਼ਰਾਰਤ ਸੀ, ਜਿਨ੍ਹਾਂ ਦੇ ਭਾਰਤ ਨੂੰ ਲੈ ਕੇ ਮਤਭੇਦ ਸਪੱਸ਼ਟ ਹਨ। ਬੋਂਦੇਵਿਕ ਦਾ ਰੁਖ਼ ਵੀ ਭਾਰਤ ਦੇ ਖਿਲਾਫ ਲੱਗਦਾ ਹੈ। ਕੀ ਅਜਿਹੇ ਵਿਅਕਤੀ ਨੂੰ ਦੇਸ਼ ਵਿੱਚ ਦੁਬਾਰਾ ਆਉਣ ਦੀ ਆਗਿਆ ਦੇਣੀ ਚਾਹੀਦੀ ਹੈ? ਸਰਕਾਰ ਨੂੰ ਨਾ ਸਿਰਫ ਉਨ੍ਹਾਂ ਦੇ ਸ੍ਰੀਨਗਰ ਦੌਰੇ ਨੂੰ ਲੈ ਕੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ ਸਗੋਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਭਵਿੱਖ ਵਿੱਚ ਉਨ੍ਹਾਂ ਨੂੰ ਭਾਰਤ ਆਉਣ ਦੀ ਆਗਿਆ ਨਾ ਮਿਲੇ ਤਾਂ ਜੋ ਉਹ ਕੋਈ ਗਲਤਫਹਿਮੀ ਨਾ ਪੈਦਾ ਕਰ ਸਕਣ। ਬੋਂਦੇਵਿਕ ਦੇ ਦੌਰੇ ਤੋਂ ਪਾਕਿਸਤਾਨ ਦਾ ਖੁਸ਼ ਹੋਣਾ ਸੁਭਾਵਿਕ ਹੈ। ਉਹ ਕਸ਼ਮੀਰ ਮੁੱਦੇ ਨੂੰ ਕੌਮਾਂਤਰੀ ਪੱਧਰ 'ਤੇ ਉਭਾਰਨ ਦੀਆਂ ਨਾਕਾਮ ਕੋਸ਼ਿਸ਼ਾਂ ਕਰਦਾ ਰਹਿੰਦਾ ਹੈ। ਉਸ ਨੇ ਦਾਅਵਾ ਕੀਤਾ ਕਿ ਬੋਂਦੇਵਿਕ ਨੇ ਕੁਰੈਸ਼ੀ ਨੂੰ ਆਪਣੇ ਭਾਰਤ ਦੌਰੇ ਬਾਰੇ ਦੱਸਿਆ ਅਤੇ ਉਨ੍ਹਾਂ ਕਿਹਾ ਕਿ ਕਸ਼ਮੀਰ ਮੁੱਦਾ ਕੌਮਾਂਤਰੀ ਏਜੰਡੇ 'ਤੇ ਹੋਣਾ ਚਾਹੀਦਾ ਹੈ ਅਤੇ ਉਸ ਦੇ ਪ੍ਰਸਤਾਵ ਸਭ ਲਈ ਤਰਜੀਹ ਵਿੱਚ ਹੋਣੇ ਚਾਹੀਦੇ ਹਨ।

ਜੇ ਕੁਰੈਸ਼ੀ ਨਾਲ ਬੋਂਦੇਵਿਕ ਦੀ ਅਜਿਹੀ ਚਰਚਾ ਦੀ ਗੱਲ ਸਹੀ ਹੈ ਤਾਂ ਫਿਰ ਕਸ਼ਮੀਰ ਬਾਰੇ ਉਸ ਦੀ ਸ਼ੱਕੀ ਭੂਮਿਕਾ ਵਿੱਚ ਕੋਈ ਸ਼ੱਕ ਨਹੀਂ ਰਹਿ ਜਾਂਦਾ। ਇਹ ਕੋਈ ਲੁਕੀ ਹੋਈ ਗੱਲ ਨਹੀਂ ਕਿ ਪਾਕਿਸਤਾਨੀ ਨੇਤਾ ਬਾਕਾਇਦਾ ਕਸਮੀਰ ਦਾ ਰਾਗ ਅਲਾਪ ਕੇ ਇਸ ਮੁੱਦੇ ਨੂੰ ਜਿਉਂਦਾ ਰੱਖਣਾ ਚਾਹੁੰਦੇ ਹਨ। ਇਸ ਵਿੱਚ ਉਹ ਸਥਾਨ ਅਤੇ ਮੌਕੇ ਦਾ ਵੀ ਲਿਹਾਜ਼ ਨਹੀਂ ਕਰਦੇ। 28 ਨਵੰਬਰ ਨੂੰ ਪਾਕਿ-ਸਤਾਨ ਵਿੱਚ ਕਰਤਾਰਪੁਰ ਕੋਰੀਡੋਰ ਦੇ ਨੀਂਹ ਪੱਥਰ ਸਮਾਗਮ ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਹੋ ਕੀਤਾ। ਉਹ ਇਕ ਧਾਰਮਿਕ ਪ੍ਰੋਗਰਾਮ ਵਿੱਚ ਵੀ ਕਸ਼ਮੀਰ ਮੁੱਦੇ ਨੂੰ ਛੇੜਨ ਤੋਂ ਬਾਜ਼ ਨਹੀਂ ਆਏ। ਆਖਰ ਭਾਰਤ ਸਰਕਾਰ ਦੇ ਦੋ ਮੰਤਰੀਆਂ ਦੇ ਸਾਹਮਣੇ ਇਸ ਦੀ ਕੀ ਜ਼ਰੂਰਤ ਸੀ? ਇਮਰਾਨ ਨੇ ਇਹ ਕਿਉਂ ਨਹੀਂ ਸਮਝਿਆ ਕਿ ਇਹ ਪ੍ਰੋਗਰਾਮ ਸਿਆਸੀ ਬਿਆਨਬਾਜ਼ੀ ਦਾ ਮੰਚ ਨਹੀਂ ਹੈ। ਇਮਰਾਨ ਦਾ ਭਾਸ਼ਣ ਤਾਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ 'ਤੇ ਹੋਣਾ ਚਾਹੀਦਾ ਸੀ। ਉਨ੍ਹਾਂ ਦੇ ਭਾਸ਼ਣ ਪਿੱਛੋਂ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਬਾਜਵਾ ਦਾ ਭਾਰਤ ਦੇ ਵਿਰੋਧੀ ਵਿਅਕਤੀ ਨਾਲ ਦਿਖਾਈ ਦੇਣਾ ਅੱਗ ਵਿੱਚ ਘਿਉ ਪਾਉਣ ਦਾ ਕੰਮ ਕਰ ਗਿਆ। ਭਾਰਤ ਨੂੰ ਪਾਕਿਸਤਾਨ ਦੁਆਰਾ ਬੁਣੇ ਜਾਣ ਵਾਲੇ ਜਾਲ ਅਤੇ ਬੋਂਦੇਵਿਕ ਵਰਗੇ ਲੋਕਾਂ ਦੀਆਂ ਸਰਗਰਮੀਆਂ ਨੂੰ ਲੈ ਕੇ ਚੌਕਸ ਰਹਿਣ ਦੀ ਸਖਤ ਜ਼ਰੂਰਤ ਹੈ।


Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist

New Patients welcome
Deal Directly with all Insurance Companies

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018

ALSO HIRING OWNER OPERATORS




202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com

PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed





Kanwaljit S. Dhunna
Mortgage broker
416.301.1976
Email: kdhunna62@gmail.com

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4


# ਮਿੰਨੀ ਕਹਾਣੀ

# ਨਿੰਮ ਦਾ ਘੋਟਣਾ

-ਜਗਜੀਤ ਸਿੰਘ ਝੱਤਰਾ

ਜ਼ਿੰਦਗੀ ਵਿੱਚ ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ, ਜੋ ਮਨ ਵਿੱਚ ਘਰ ਕਰ ਜਾਂਦੀਆਂ ਹਨ। ਇੱਕ ਇਹੋ ਜਿਹੀ ਹੈਰਾਨੀ ਵਾਲੀ ਘਟਨਾ ਮੇਰੇ ਜੀਵਨ ਵਿੱਚ ਵਾਪਰੀ, ਜਿਹੜੀ ਮਨ ਉਪਰ ਅਮਿੱਟ ਛਾਪ ਛੱਡ ਗਈ। ਮੇਰੇ ਰਿਸ਼ਤੇਦਾਰ ਅਮਰੀਕਾ ਵਿੱਚ ਲੰਮੇ ਸਮੇਂ ਤੋਂ ਰਹਿੰਦੇ ਸਨ। ਉਨ੍ਹਾਂ ਦਾ ਲੜਕਾ ਸਾਨੂੰ ਪਿੰਡ ਮਿਲਣ ਆਇਆ ਤੇ ਸਾਰੀਆਂ ਹੀ ਰਿਸ਼ਤੇਦਾਰੀਆ ਵਿੱਚ ਮਿਲਦਾ ਸਾਡੇ ਕੋਲ ਆ ਗਿਆ। ਉਸ ਨੇ ਸਾਨੂੰ ਕਿਹਾ ਕਿ ਮੈਂ ਇੱਕ ਮਹੀਨੇ ਵਾਸਤੇ ਇਥੇ ਆਇਆ ਹਾਂ। ਉਹ ਬੱਚਾ ਉਥੋਂ ਦਾ ਜੰਮਪਲ ਹੈ। ਉਸ ਦੀ ਭਾਸ਼ਾ ਦੀ ਸਮਝ ਮੈਨੂੰ ਘੱਟ ਹੀ ਆਉਂਦੀ ਰਹੀ। ਘਰ ਦੇ ਸਾਰੇ ਜੀਅ ਬਹੁਤ ਖੁਸ਼ ਹੋਏ। ਘਰ ਵਿੱਚ ਵਿਆਹ ਵਾਲਾ ਕਈ ਦਿਨ ਮਾਹੌਲ ਬਣਿਆ ਰਿਹਾ ਤੇ ਸਾਰੀਆਂ ਗੱਲਾਂ ਬਾਤਾਂ ਕਰਨ ਤੋਂ ਬਾਅਦ ਉਸ ਨੇ ਮੈਨੂੰ ਕਿਹਾ, 'ਅੰਕਲ ਜੀ ਮੈਨੂੰ ਇੱਕ ਘੋਟਣਾ ਚਾਹੀਦਾ ਹੈ ਤੇ ਘੋਟਣਾ ਨਿੰਮ ਦੀ ਲੱਕੜ ਦਾ ਚਾਹੀਦਾ ਹੈ, ਕਿਉਂਕਿ ਉਥੇ ਸਾਡਾ ਪੀਜ਼ੇ ਦਾ ਕੰਮ ਵੀ ਹੈ।"

ਮੈਂ ਕਿਹਾ, "ਉਥੇ ਮਸ਼ੀਨਾਂ ਬਹੁਤ ਹਨ, ਜੋ ਮਿਰਚਾਂ ਵਗੈਰਾ ਵਧੀਆ ਪੀਹ ਦਿੰਦੀਆਂ ਹਨ।"

ਉਸ ਨੇ ਕਿਹਾ, "ਨਹੀਂ ਅੰਕਲ ਜੀ ਜੋ ਨਜ਼ਾਰਾ ਘੋਟਣੇ ਦੀ ਰਗੜੀ ਚੱਟਣੀ ਵਿੱਚ ਹੈ, ਉਹ ਮਸ਼ੀਨਾਂ ਦੀ ਬਣਾਈ ਚਟਣੀ ਜਾਂ ਹੋਰ ਵਸਤੂਆਂ ਵਿੱਚ ਨਹੀਂ ਹੈ।"

ਮੈਂ ਕਿਹਾ, "ਮੈਂ ਬਣਾ ਦੇਵਾਂਗਾ।" ਮਹੀਨਾ ਪੂਰਾ ਬੀਤ ਗਿਆ, ਪਰ ਘੋਟਣਾ ਮੈਂ ਬਣਾਇਆ ਨਹੀਂ। ਸਿਰਫ ਇੱਕ ਦਿਨ ਉਸ ਦੇ ਜਾਣ ਵਿੱਚ ਰਹਿ ਗਿਆ। ਫਿਰ ਉਸ ਦੇ ਫੋਨ ਆਇਆ। "ਅੰਕਲ ਜੀ ਮੇਰਾ ਘੋਟਣਾ ਬਣਾ ਦਿੱਤਾ?"

ਜਦੋਂ ਮੈਂ ਉਸ ਦੇ ਇਹ ਸ਼ਬਦ ਸੁਣੇ ਤਾਂ ਬੜੀ ਸ਼ਰਮਿੰਦਗੀ ਮਹਿਸੂਸ ਕੀਤਾ। ਮੈਂ ਕਿਹਾ, "ਮੈਂ ਬਣਾ ਕੇ ਤੁਹਾਡੇ ਕੋਲ ਭੇਜ ਦਿਆਂਗਾ।" ਉਸ ਨੇ ਫੋਨ ਕੱਟ ਦਿੱਤਾ।

ਸਵੇਰੇ ਮੈਂ ਮੋਟਰ ਸਾਈਕਲ ਤੇ ਨਾਲ ਦੇ ਪਿੰਡ ਚੂਹੜ ਚੱਕ ਗਿਆ, ਕਿਉਂਕਿ ਉਥੇ ਇੱਕ ਪੁਰਾਣਾ ਬਜ਼ੁਰਗ ਨਿੰਮ ਦੇ ਘੋਟਣੇ ਵਧੀਆ ਬਣਾਉਂਦਾ ਹੈ। ਜਦ ਉਸ ਕੋਲ ਮੈਂ ਗਿਆ, ਬਾਬੇ ਨੇ ਦੱਸਿਆ, "ਮੈਂ ਬਿਮਾਰ ਹਾਂ। ਘੋਟਣਾ ਬਣ ਜਾਵੇਗਾ, ਪਰ ਅੱਠ-ਦਸ ਦਿਨ ਲੱਗ ਜਾਣਗੇ।"

ਮੈਂ ਸੋਚਿਆ ਕਿ ਘੋਟਣਾ ਤਾਂ ਕੱਲ੍ਹ ਚਾਹੀਦਾ ਹੈ ਕਿਉਂਕਿ ਉਸ ਲੜਕੇ ਨੇ ਕੱਲ੍ਹ ਚਲੇ ਜਾਣਾ ਹੈ। ਮੈਂ ਉਥੋਂ ਵਾਪਸ ਪਿੰਡ ਨੂੰ ਚੱਲ ਪਿਆ। ਜਦੋਂ ਮੈਂ ਪਿੰਡ ਦੇ ਨੇੜੇ ਆਇਆ ਤਾਂ ਮੈਨੂੰ ਬਲਵੀਰ ਸਿੰਘ ਨਾਂਅ ਦੇ ਇੱਕ ਵਿਅਕਤੀ ਦਾ ਫੋਨ ਆਇਆ ਤੇ ਉਸ ਨੇ ਕਿਹਾ ਕਿ "ਜਗਜੀਤ ਸਿੰਘ, ਜੇ ਮੈਨੂੰ ਕੱਲ੍ਹ ਮਿਲੇਂ ਤਾਂ ਚੰਗਾ ਹੈ।" ਮੈਂ ਉਸ ਨੂੰ ਹਾਂ ਕਰ ਦਿੱਤੀ, ਪਰ ਮੈਨੂੰ ਸਮਝ ਨਹੀਂ ਪੈ ਰਹੀ ਸੀ ਕਿ ਇਹ ਬਲਵੀਰ ਸਿੰਘ ਕੌਣ ਹੈ?

ਉਸ ਨੇ ਦੱਸਿਆ ਕਿ "ਸਾਡਾ ਸਿੰਘ ਸਭਾ ਗੁਰਦੁਆਰਾ ਸਾਹਿਬ ਜ਼ੀਰੇ ਮੇਰਾ ਘਰ ਹੈ। ਸਵੇਰੇ ਜ਼ਰੂਰ ਆਉਣਾ ਹੈ ਕਿਉਂਕਿ ਅਸੀਂ ਤੈਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮੈਂਬਰ ਬਣਾਉਣੈ। ਮਨੁੱਖੀ ਸਮਾਜ ਦੀ ਸੇਵਾ ਕਰਨੀ ਹੈ।"

ਮੈਂ ਕਿਹਾ, "ਮੈਂ ਆਵਾਂਗਾ ਤੇ ਮਿਲ ਲਵਾਂਗਾ।" ਮੇਰੀ ਸਮਝ ਤੋਂ ਬਾਹਰ ਸੀ ਕਿ ਇਹ ਬਲਵੀਰ ਸਿੰਘ ਕੌਣ ਹੈ?" ਮੈਂ ਸੋਚਿਆ ਕਿ ਚਲੇ ਜਾਵਾਂਗਾ, ਨਾਲ ਨਿੰਮ ਘੋਟਣਾ ਜ਼ੀਰੇ ਸ਼ਹਿਰੋਂ ਲੈ ਆਵਾਂਗੇ ਤੇ ਨਾਲ ਬਲਵੀਰ ਸਿੰਘ ਨਾਲ ਮੁਲਾਕਾਤ ਕਰ ਲਵਾਂਗੇ।

ਦੂਜੇ ਦਿਨ ਸਵੇਰ ਸਾਰ ਜ਼ੀਰੇ ਚਲਾ ਗਿਆ। ਇੱਕ ਦੋ ਕੰਮ ਕਰ ਕੇ ਮੈਂ ਬਲਵੀਰ ਸਿੰਘ ਦੇ ਘਰ ਵੱਲ ਚਲਾ ਗਿਆ ਅਤੇ ਗੁਰਦੁ-ਆਰਾ ਸਾਹਿਬ ਕੋਲ ਪਹੁੰਚ ਕੇ ਮੈਂ ਉਸ ਨੂੰ ਫੋਨ ਕੀਤਾ, ਪਰ ਕਿਸੇ ਫੋਨ ਨਾ ਚੁੱਕਿਆ। ਘੱਟੋ-ਘੱਟ ਮੈਂ 10 ਫੋਨ ਕੀਤੇ, ਪਰ ਕਿਸੇ ਨੇ ਨਾ ਚੁੱਕਿਆ। ਇਸ ਤਰ੍ਹਾਂ ਮੈਂ ਸੋਚਿਆ ਕਿ ਐਵੇਂ ਕਿਸੇ ਨੇ ਮਖੌਲ ਕੀਤਾ ਹੋਵੇਗਾ। ਜਦੋਂ ਤੁਰਨ ਲੱਗਾ ਤਾਂ ਮੈਂ ਇੱਕ ਵਾਰ ਹੋਰ ਕੋਸ਼ਿਸ਼ ਕੀਤੀ ਤਾਂ ਬਲਵੀਰ ਸਿੰਘ ਦੇ ਲੜਕੇ ਨੇ ਫੋਨ ਚੁੱਕ ਲਿਆ। ਮੈਂ ਕਿਹਾ, "ਮੈਂ ਬਲਵੀਰ ਸਿੰਘ ਨੂੰ ਮਿਲਣਾ ਹੈ।"

ਉਸ ਨੇ ਕਿਹਾ, "ਆ ਜਾਓ, ਜਿੱਥੇ ਤੁਸੀਂ ਖੜ੍ਹੇ ਹੋ। ਅਗਲੀ ਗਲੀ ਵਿੱਚ ਆ ਜਾਓ, ਮੈਂ ਘਰ ਤੋਂ ਬਾਹਰ ਖੜ ਜਾਂਦਾ ਹਾਂ। ਮੇਰੇ ਡੈਡੀ ਜੀ ਗੁਰਦੁਆਰਾ ਸਾਹਿਬ ਗਏ ਹਨ, ਆ ਜਾਣਗੇ।"

ਮੈਂ ਦੱਸੇ ਅਨੁਸਾਰ ਘਰ ਚਲਾ ਗਿਆ। ਅਜੇ ਅਸੀਂ ਘਰ ਵੜਨ ਹੀ ਲੱਗੇ ਸੀ ਪਿੱਛੋਂ ਬਵਲੀਰ ਸਿੰਘ ਵੀ ਗੁਰਦੁਆਰਾ ਸਾਹਿਬ ਤੋਂ ਆ ਗਿਆ। ਮੈਨੂੰ ਮਿਲ ਕੇ ਬਹੁਤ ਖੁਸ਼ ਹੋਇਆ ਤੇ ਕਹਿਣ ਲੱਗਾ, "ਸਾਡੇ ਮੈਂਬਰ ਜ਼ਰੂਰ ਬਣੋ।"

ਮੈਂ ਕਿਹਾ, "ਠੀਕ ਹੈ", ਪਰ ਮੈਨੂੰ ਅਜੇ ਵੀ ਸਮਝ ਨਹੀਂ ਸੀ ਆ ਰਹੀ ਕਿ ਇਹ ਬਲਵੀਰ ਸਿੰਘ ਕੌਣ ਹੈ ਤੇ ਮੈਨੂੰ ਕਿਵੇਂ ਜਾਣਦਾ ਹੈ। ਬਲਵੀਰ ਸਿੰਘ ਨੇ ਮੇਰੇ ਬਾਪ ਦਾ ਨਾਂਅ ਵੀ ਦੱਸ ਦਿੱਤਾ। ਮੈਂ ਉਸ ਨੂੰ ਇਹ ਨਹੀਂ ਕਿਹਾ ਕਿ ਮੈਂ ਨਹੀਂ ਜਾਣਦਾ। ਉਸ ਨੂੰ ਐਵੇਂ ਹਾਂ ਵਿੱਚ ਹਾਂ ਕਰੀ ਗਿਆ। ਅਖੀਰ ਵਿੱਚ ਉਸ ਨੇ ਕਿਹਾ, "ਮੈਂ ਤੁਹਾਡੇ ਘਰ ਸ਼ਿਵ ਕੁਮਾਰ ਨਾਲ ਜਾਂਦਾ ਹੁੰਦਾ ਸੀ।" ਮੈਂ ਝੱਟ ਸਮਝ ਗਿਆ ਕਿ ਮੇਰੇ ਨਾਲ ਉਹ ਬਿਜਲੀ ਬੋਰਡ ਵਿੱਚ ਸੀ। ਮੈਨੂੰ ਸਾਰੀ ਸਮਝ ਆ ਗਈ ਕਿ ਇਹ ਉਹ ਬਲਵੀਰ ਹੈ ਜਿਸ ਨੂੰ ਮੈਂ 1979-80 ਵਿੱਚ ਮਿਲਦਾ ਹੁੰਦਾ ਸੀ। ਉਸ ਨੇ ਪੁਰਾਣੀਆਂ ਸਾਰੀਆਂ ਬਿਜਲੀ ਬੋਰਡ ਦੀਆਂ ਗੱਲਾਂ ਕੀਤੀਆਂ।

ਅਖੀਰ ਵਿੱਚ ਮੈਂ ਬਲਵੀਰ ਸਿੰਘ ਨੂੰ ਕਿਹਾ ਕਿ ਮੈਨੂੰ ਦੁਕਾਨ ਦੱਸ ਕਿ ਜਿੱਥੋਂ ਨਿੰਮ ਦਾ ਘੋਟਣਾ ਮਿਲੇਗਾ ਕਿਉਂਕਿ ਆਮ ਤਾਂ ਸਫੈਦੇ ਦਾ ਬਣਾ ਦਿੰਦੇ ਤੇ ਰੰਦੀ ਲੱਕੜ ਦਾ ਪਤਾ ਹੀ ਨਹੀਂ ਲੱਗਦਾ ਕਿਸ ਦਰੱਖਤ ਦੀ ਹੈ। ਉਸ ਨੇ ਝਟ ਕਿਹਾ ਮੇਰੇ ਕੋਲ ਸੱਤ-ਅੱਠ ਸਾਲ ਪੁਰਾਣੀ ਨਿੰਮ ਦੀ ਲੱਕੜ ਹੈ। ਮੈਂ ਕਿਹਾ ਕਿ ਇਹ ਤੁਸੀਂ ਆਪਣੇ ਵਾਸਤੇ ਲਿਆਏ ਹੋ। ਆਪ ਹੀ ਲੱਕੜ ਲਿਆ ਕੇ ਮਲੋ ਮੱਲੀ ਰੱਸੀ ਨਾਲ ਮੇਰੇ ਮੋਟਰ ਸਾਈਕਲ ਨਾਲ ਬੰਨ੍ਹ ਦਿੱਤੀ। ਉਸ ਨੇ ਕਿਹਾ; ਲੱਕੜ ਤੁਹਾਡੇ ਵਾਸਤੇ ਹੀ ਲਿਆਇਆ ਸੀ। ਤੁਸੀਂ ਲੈ ਜਾਓ।

"ਇਹ ਕੁਦਰਤੀ ਵਰਤਾਰਾ ਹੈ ਬਲਵੀਰ ਜੀ, ਕੁਦਰਤ ਬਹੁਤ ਸ਼ਕਤੀਸ਼ਾਲੀ ਪ੍ਰਬਲ ਹੈ। ਇਸ ਲੱਕੜ ਦੇ ਘੋਟਣੇ ਨੇ ਅਮਰੀਕਾ ਜਾਣੈ", ਮੈਂ ਬਲਵੀਰ ਨੂੰ ਦੱਸਿਆ। ਉਸ ਨੇ ਦੁਬਾਰਾ ਕਿਹਾ ਵੇਖੋ ਕਿਸੇ ਸਮੇਂ ਦੀ ਪਈ ਲੱਕੜ ਦੀ ਅੱਜ ਸੁਣੀ ਗਈ। ਜੇ ਕਿਸੇ ਦੇ ਕੰਮ ਆ ਜਾਏ ਉਹ ਦੂਰ ਵਿਦੇਸ਼ ਚਲੀ ਜਾਵੇ। ਇਸ ਤਰ੍ਹਾਂ ਮੈਂ ਬਲਵੀਰ ਸਿੰਘ ਦਾ ਧੰਨਵਾਦ ਕੀਤਾ ਤੇ ਉਸ ਦੇ ਘਰੋਂ ਚੱਲ ਪਿਆ ਤੇ ਲੱਕੜ ਦਾ ਘੋਟਣਾ ਬਣਾ ਕੇ ਦੂਜੇ ਦਿਨ ਉਸ ਲੜਕੇ ਦੇ ਹਵਾਲੇ ਕਰ ਦਿੱਤਾ। ਦੂਜੇ ਦਿਨ ਉਹ ਲੜਕਾ ਘੋਟਣਾ ਲੈ ਕੇ ਅਮਰੀਕਾ ਚਲਾ ਗਿਆ ਤੇ ਰੱਬ ਦਾ ਸ਼ੁਕਰ ਕੀਤਾ।

## ਲੇਬਰਫੈੱਡ ਦੇ ਚੇਅਰਮੈਨ ਤੋਂ ਨਕਦੀ ਤੇ ਕਰੇਟਾ ਗੱਡੀ ਖੋਹੀ

ਅੰਮ੍ਰਿਤਸਰ, 6 ਦਸੰਬਰ (ਪੋਸਟ ਬਿਊਰੋ)- ਲੇਬਰਫੈੱਡ ਤਰਨ ਤਾਰਨ ਦੇ ਚੇਅਰਮੈਨ ਤੋਂ ਕੱਲ੍ਹ ਕੁਝ ਲੋਕ ਹਥਿਆਰਾਂ ਨਾਲ ਕਰੇਟਾ ਗੱਡੀ ਖੋਹ ਕੇ ਲੈ ਗਏ, ਜਿਸ ਦੀ ਸੂਚਨਾ ਮਿਲਦਿਆਂ ਸਾਰ ਐੱਸ ਪੀ ਡੀ ਹਰਪਾਲ ਸਿੰਘ ਭਾਰੀ ਫੋਰਸ ਨਾਲ ਮੌਕੇ 'ਤੇ ਪੁੱਜੇ ਤੇ ਸਾਰੀ ਜਾਣਕਾਰੀ ਹਾਸਲ ਕਰ ਕੇ ਗੱਡੀ ਖੋਹਣ ਵਾਲਿਆਂ ਦੀ ਭਾਲ ਸ਼ੁਰੂ ਕਰ ਦਿੱਤੀ।

ਇਸ ਬਾਰੇ ਲੇਬਰਫੈੱਡ ਤਰਨ ਤਾਰਨ ਦੇ ਚੇਅਰਮੈਨ ਗੁਰਦਿਆਲ ਸਿੰਘ ਵਾਸੀ ਅੰਮ੍ਰਿਤਸਰ ਨੇ ਦੱਸਿਆ ਕਿ ਉਹ ਵਿਭਾਗ ਦੇ ਜ਼ਰੂਰੀ ਕੰਮ ਕਰ ਕੇ ਆਪਣੇ ਸਾਥੀਆਂ ਨਾਲ ਚੰਡੀਗੜ੍ਹ ਤੋਂ ਕਰੇਟਾ ਗੱਡੀ 'ਚ ਵਾਪਸ ਆ ਰਹੇ ਸਨ ਕਿ ਆਪਣੇ ਇੱਕ ਸਾਥੀ ਨੂੰ ਉਸ ਦੇ ਘਰ ਛੱਡਣ ਲਈ ਜੰਡਿਆਲਾ ਗੁਰੂ-ਤਰਨ ਤਾਰਨ ਰੋਡ ਤੋਂ ਨਿਕਲਦੀ ਪੱਖੋਕੇ ਲਿੰਕ ਸੜਕ ਉਤੇ ਪੁੱਜੇ ਤਾਂ ਪਿੱਛੋਂ ਤੇਜ਼ ਰਫਤਾਰ ਆਈ ਇੱਕ ਗੱਡੀ ਸਾਡੀ ਗੱਡੀ ਦੇ ਅੱਗੇ ਖੜੋ ਗਈ। ਇਸ ਵਿੱਚੋਂ ਚਾਰ ਵਿਅਕਤੀ ਉੱਤਰੇ, ਜਿਨ੍ਹਾਂ ਨੇ ਆਪਣੇ ਮੂੰਹ ਢੱਕੇ ਹੋਏ ਸਨ ਤੇ ਸਾਡੇ ਕੋਲ ਆਉਂਦਿਆਂ ਹੀ ਉਨ੍ਹਾਂ ਨੇ ਪਿਸਤੌਲ ਮੇਰੇ ਉਤੇ ਤਾਣ ਦਿੱਤੇ ਤੇ ਮੈਨੂੰ ਗੱਡੀ 'ਚੋਂ ਜਬਰੀ ਉਤਾਰਨ ਲੱਗ ਪਏ। ਜਦੋਂ ਮੈਂ ਵਿਰੋਧ ਕਰਨਾ ਚਾਹਿਆ ਤਾਂ ਉਨ੍ਹਾਂ 'ਚੋਂ ਇੱਕ ਨੇ ਸਾਨੂੰ ਡਰਾਉਣ ਲਈ ਦੋ ਫਾਇਰ ਜ਼ਮੀਨ 'ਤੇ ਕਰ ਦਿੱਤੇ, ਜਿਸ ਤੋਂ ਬਾਅਦ ਮੈਂ ਅਤੇ ਮੇਰੇ ਸਾਥੀ ਗੱਡੀ 'ਚੋਂ ਉੱਤਰੇ। ਉਨ੍ਹਾਂ ਦੱਸਿਆ ਕਿ ਉਕਤ ਲੋਕਾਂ ਨੇ ਹਥਿਆਰਾਂ ਦੀ ਨੋਕ 'ਤੇ ਸਾਡੀ ਤਲਾਸ਼ੀ ਲੈ ਕੇ ਸਾਰੀ ਨਕਦੀ ਖੋਹ ਲਈ ਤੇ ਫਿਰ ਕਰੇਟਾ ਗੱਡੀ ਲੈ ਕੇ ਪਿੰਡ ਪੱਖੋਕੇ ਨੂੰ ਫਰਾਰ ਹੋ ਗਏ। ਚੇਅਰਮੈਨ ਗੁਰਦਿਆਲ ਸਿੰਘ ਨੇ ਸ਼ੱਕ ਪ੍ਰਗਟਾਇਆ ਕਿ ਉਨ੍ਹਾਂ ਲੋਕਾਂ ਕੋਲ ਕਾਫੀ ਮਾਤਰਾ 'ਚ ਹਥਿਆਰ ਸਨ, ਜਿਸ ਕਾਰਨ ਉਨ੍ਹਾਂ ਨੂੰ ਸਿਰਫ ਲੁਟੇਰੇ ਕਹਿਣਾ ਠੀਕ ਨਹੀਂ।

ਕਰਤਾਰਪੁਰ ਲਾਂਘਾ ਮਾਮਲਾ

## ਨੀਂਹ ਪੱਥਰ ਉਤੇ ਨਾਇਡੂ, ਬਦਨੌਰ, ਕੈਪਟਨ ਤੇ ਗਡਕਰੀ ਦੇ ਨਾਂ ਲਿਖਣੇ ਸੀ, ਬਾਦਲਾਂ ਦਾ ਨਹੀਂ

### * ਮੰਤਰੀ ਰੰਧਾਵਾ ਨੇ ਪੁੱਛਿਆ: ਉਹ ਨਾਂਅ ਕਿਵੇਂ ਲਿਖੇ ਗਏ



ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਲਾਂਘੇ ਦੇ ਨੀਂਹ ਪੱਥਰ ਰੱਖਣ ਮੌਕੇ ਉਤੋਂ ਬਾਦਲਾਂ ਦਾ ਨਾਮ ਟੇਪ ਨਾਲ ਢੱਕਦੇ ਹੋਏ।

ਚੰਡੀਗੜ੍ਹ, 6 ਦਸੰਬਰ (ਪੋਸਟ ਬਿਊਰੋ)- ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਡੇਰਾ ਬਾਬਾ ਨਾਨਕ ਵਿਖੇ ਹੋਏ ਸਮਾਗਮ ਦੇ ਵਕਤ ਰੱਖੇ ਗਏ ਨੀਂਹ ਪੱਥਰ ਉੱਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਨਾਂਅ ਲਿਖੇ ਜਾਣ ਦਾ ਮਾਮਲਾ ਜ਼ੋਰ ਫੜਦਾ ਜਾ ਰਿਹਾ ਹੈ।

ਇੱਕ ਪਾਸੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸੈਂਟਰਲ ਟਰਾਂਸਪੋਰਟ ਮੰਤਰਾਲੇ ਤੋਂ ਆਰ ਟੀ ਆਈ ਦੇ ਰਾਹੀਂ ਪੁੱਛਿਆ ਹੈ ਕਿ ਨੀਂਹ ਪੱਥਰ ਰੱਖਣ ਵਿੱਚ ਕੀ ਨਿਯਮ ਹਨ ਅਤੇ ਇਨ੍ਹਾਂ 'ਤੇ ਦੋਵਾਂ ਬਾਦਲਾਂ ਦਾ ਨਾਂਅ ਕਿਸ ਆਧਾਰ ਉਤੇ ਲਿਖਿਆ ਗਿਆ ਹੈ। ਉਥੇ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੇ ਮਨਿਸਟਰੀ ਰੋਡ ਟਰਾਂਸਪੋਰਟ ਐਂਡ ਹਾਈਵੇ ਵਿਭਾਗ ਨੂੰ ਇੱਕ ਪੱਤਰ ਭੇਜਿਆ ਗਿਆ ਹੈ।

ਇਸ ਸੰਬੰਧ ਵਿੱਚ ਪੰਜਾਬ ਸਰਕਾਰ ਨੇ ਗੁਰਦਾਸਪੁਰ ਦੇ ਡੀ ਸੀ ਵੱਲੋਂ ਦੱਸਿਆ ਹੈ ਕਿ ਡਿਜੀਟਲ ਨੀਂਹ ਪੱਥਰ ਉੱਤੇ ਬਾਦਲ ਪਿਤਾ-ਪੁੱਤਰ ਦਾ ਨਾਂਅ ਨਹੀਂ ਸੀ। ਸਰਕਾਰ ਵੱਲੋਂ ਭੇਜੇ ਗਏ ਪੱਤਰ ਵਿੱਚ ਪਹਿਲੇ ਨੰਬਰ ਉਤੇ ਦੇਸ਼ ਦੇ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ, ਦੂਸਰੇ ਨੰਬਰ ਉੱਤੇ ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਅਤੇ ਤੀਸਰੇ ਨੰਬਰ ਉਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਚੌਥੇ ਨੰਬਰ 'ਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਦਾ ਨਾਂਅ ਲਿਖਿਆ ਜਾਣਾ ਸੀ, ਪਰ ਜਦ ਉਦਘਾਟਨ ਹੋਇਆ ਸੀ ਤਾਂ ਉਸ ਨੀਂਹ ਪੱਥਰ ਉੱਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਵੀ ਨਾਂਅ ਲਿਖਿਆ ਹੋਇਆ ਸੀ। ਇਹ ਪੱਤਰ ਕਿੰਨਾ ਅਹਿਮ ਸੀ, ਇਸਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਰਕਾਰ ਨੇ ਕੇਂਦਰ ਸਰਕਾਰ ਨੂੰ ਪੱਤਰ ਡਾਕ ਦੇ ਰਾਹੀਂ ਨਹੀਂ, ਫੈਕਸ ਰਾਹੀਂ ਭੇਜਿਆ ਹੈ, ਤਾਂ ਕਿ ਇਸ ਬਾਰੇ ਕਿਸੇ ਨੂੰ ਭਣਕ ਨਾ ਲੱਗੇ ਕਿ ਕੀ ਜਾਣਕਾਰੀ ਭੇਜੀ ਗਈ ਹੈ।

## ਪੰਚਾਇਤੀ ਚੋਣਾਂ ਨੇੜੇ ਦੇਖ ਕੇ ਕਈ ਪਿੰਡਾਂ ਵਿੱਚ ਅਹੁਦਿਆਂ ਦੀਆਂ ਬੋਲੀਆਂ ਲੱਗਣੀਆਂ ਸ਼ੁਰੂ



ਜਲੰਧਰ, 6 ਦਸੰਬਰ (ਪੋਸਟ ਬਿਊਰੋ)- ਇਸ ਵੇਲੇ ਜਦੋਂ ਕੁਝ ਦਿਨਾਂ 'ਚ ਪੰਚਾਇਤੀ ਚੋਣਾਂ ਹੋਣ ਵਾਲੀਆਂ ਹਨ ਤਾਂ ਪਿੰਡਾਂ ਦੀਆਂ ਸੱਥਾਂ ਵਿੱਚ ਨਵੀਆਂ ਪੰਚਾਇਤਾਂ ਬਣਾਉਣ ਅਤੇ ਕਿਸ ਦੇ ਸਿਰ 'ਤੇ ਸੱਜੇਗਾ, ਸਰਪੰਚ ਆਦਿ ਬਾਰੇ ਚਰਚੇ ਸਿਖਰਾਂ 'ਤੇ ਹਨ। ਦੂਜੇ ਪਾਸੇ ਕਈ ਪਿੰਡਾਂ ਵਿੱਚ ਇਸ ਸੰਬੰਧੀ ਬੋਲੀ ਲੱਗਦੀ ਦਿਖਾਈ ਦੇ ਰਹੀ ਹੈ, ਜਿਸ ਕਾਰਨ ਸਰਪੰਚ ਬਣਨ ਦੇ ਚਾਹਵਾਨ ਸਰਬ ਸੰਮਤੀ ਨਾਲ ਬਣਨ 'ਤੇ ਲੱਖਾਂ ਰੁਪਏ ਖਰਚਣ ਨੂੰ ਤਿਆਰ ਹਨ।

ਇਸ ਬਾਰੇ ਮੀਡੀਆ ਨੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਤਾਂ ਕਈ ਲੋਕਾਂ ਦਾ ਕਹਿਣਾ ਸੀ ਕਿ ਪੰਚਾਇਤੀ ਚੋਣਾਂ ਕੀ ਆ ਰਹੀਆਂ ਹਨ, ਇਨ੍ਹਾਂ ਨੇ ਪਿੰਡਾਂ ਦੇ ਮਾਹੌਲ ਗੰਭੀਰ ਕਰ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਕੁਝ ਪਿੰਡਾਂ ਵਿੱਚ ਪਿਛਲੀ ਵਾਰ ਵਾਂਗ ਇਸ ਵਾਰ ਵੀ ਸਰਬ ਸੰਮਤੀ ਨਾਲ ਸੂਝਵਾਨ ਸਰਪੰਚ-ਪੰਚ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਹੋਈ ਹੈ ਤਾਂ ਜੋ ਪਿੰਡਾਂ ਦੀ ਨੁਹਾਰ ਬਦਲ ਦੇਣ, ਪਰ ਜ਼ਿਆਦਾ ਪਿੰਡਾਂ ਵਿੱਚ ਇਸ ਗੱਲ 'ਤੇ ਬਹਿਸ ਹੋ ਰਹੀ ਹੈ ਕਿ ਸਰਬ ਸੰਮਤੀ ਨਾਲ ਸਰਪੰਚੀ ਦਾ ਚਾਹਵਾਨ ਕਿੰਨੇ ਲੱਖ ਰੁਪਏ ਪਿੰਡ ਦੇ ਵਿਕਾਸ ਲਈ ਨਕਦ ਦੇਂਦਾ ਹੈ, ਜੇ ਕੋਈ ਹੋਰ ਉਸ ਤੋਂ ਵੱਧ ਪੈਸੇ ਦੇਣ ਵਾਲਾ ਹੈ ਤਾਂ ਸਰਪੰਚੀ ਉਸ ਨੂੰ ਦੇਣ 'ਤੇ ਵਿਚਾਰ ਹੁੰਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇੱਕ ਤਰ੍ਹਾਂ ਇਹ ਪਿੰਡ ਦੀ ਬੋਲੀ ਹੈ, ਜਿਹੜਾ ਜ਼ਿਆਦਾ ਪੈਸੇ ਸਰਬ ਸੰਮਤੀ ਨਾਲ ਪਿੰਡ ਦੇ ਵਿਕਾਸ ਲਈ ਦੇਵੇਗਾ ਸਰਪੰਚ ਬਣਨ ਦੀ ਆਸ ਉਸ ਦੀ ਵੱਧ ਹੋ ਜਾਂਦੀ ਹੈ।

ਲੋਕਾਂ ਦਾ ਕਹਿਣਾ ਸੀ ਕਿ ਇਸੇ ਤਰ੍ਹਾਂ ਲੱਖਾਂ ਰੁਪਏ ਪਿੰਡ ਦੇ ਵਿਕਾਸ ਲਈ ਦੇਣਾ ਚੰਗੀ ਗੱਲ ਹੈ, ਪਰ ਨਾਲ ਉਸ ਦੀ ਯੋਗਤਾ ਵੀ ਦੇਖਣੀ ਚਾਹੀਦੀ ਹੈ ਕਿ ਉਸ ਵਿੱਚ ਉਹ ਗੁਣ ਹਨ, ਜਿਨ੍ਹਾਂ ਨਾਲ ਉਹ ਪਿੰਡ ਦੀ ਨੁਹਾਰ ਬਦਲਣ ਦੇ ਨਾਲ ਭਾਈਚਾਰਕ ਸਾਂਝ ਨੂੰ ਹੋਰ ਵੀ ਮਜ਼ਬੂਤ ਕਰੇ। ਜ਼ਿਆਦਾਤਰ ਸਰਬ ਸੰਮਤੀ ਨਾਲ ਸਰਪੰਚ ਬਣਾਉਣ 'ਚ ਯੋਗਤਾ ਨਾਲੋਂ ਵੱਧ ਪੈਸੇ ਖਰਚਣ ਵੱਲ ਧਿਆਨ ਜਾ ਰਿਹਾ ਹੈ। ਕਾਰਨ ਕੁਝ ਵੀ ਹੋਣ, ਪਰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਚੋਣਾਂ ਸਮੇਂ ਉਮੀਦਵਾਰਾਂ ਨੂੰ ਵੋਟ ਪਾਉਣ ਸਮੇਂ ਉਨ੍ਹਾਂ ਦੀ ਆਰਥਿਕ ਮਜ਼ਬੂਤੀ ਨਾਲੋਂ ਉਸ ਦੀ ਕਾਬਲੀਅਤ ਦੇਖਣੀ ਚਾਹੀਦੀ ਹੈ ਤਾਂ ਜੋ ਵੋਟ ਦਾ ਸਹੀ ਇਸਤੇਮਾਲ ਹੋ ਸਕੇ ਅਤੇ ਯੋਗ ਉਮੀਦਵਾਰ ਦੇਸ਼ ਅਤੇ ਪਿੰਡਾਂ ਦੀ ਵਾਗਡੋਰ ਸੰਭਾਲ ਸਕਣ।

## ਅਨ ਰਜਿਸਟਰਡ ਐਂਬੂਲੈਂਸਾਂ ਦੇ ਵਿਰੁੱਧ ਪ੍ਰਸ਼ਾਸਨ ਵੱਲੋਂ ਵੱਡੇ ਪੱਧਰ ਉੱਤੇ ਕਾਰਵਾਈ ਸ਼ੁਰੂ



ਕੋਟਕਪੂਰਾ, 6 ਦਸੰਬਰ (ਪੋਸਟ ਬਿਊਰੋ)- ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਫਰੀਦਕੋਟ ਵਿੱਚ ਦੁਖੀ ਮਰੀਜ਼ਾਂ ਦੀ ਨਿੱਜੀ ਐਂਬੂਲੈਂਸਾਂ ਦੇ ਸੰਚਾਲਕਾਂ ਵੱਲੋਂ ਕੀਤੀ ਜਾਂਦੀ ਲੁੱਟ, ਇਲਾਜ ਦੌਰਾਨ ਮੌਤ ਦੇ ਮੂੰਹ ਵਿੱਚ ਜਾ ਪੈਣ ਵਾਲੇ ਵਿਅਕਤੀਆਂ ਦੀ ਲਾਸ਼ ਨੂੰ ਕੁਝ ਕੁ ਗਜ਼ ਦੀ ਦੂਰੀ 'ਤੇ ਪੋਸਟਮਾਰਟਮ ਵਾਲੀ ਥਾਂ ਲਿਜਾਣ ਲਈ ਮੋਟੀ ਰਕਮ ਵਸੂਲਣ ਵਾਲੀਆਂ ਖਬਰਾਂ ਮੀਡੀਆ ਵਿੱਚ ਛਪ ਰਹੀਆਂ ਸਨ। ਇਸ ਕਾਰਨ ਵੱਡੀ ਕਾਰਵਾਈ ਕਰਦਿਆਂ ਏ ਆਰ ਟੀ ਓ ਗੁਰਨਾਮ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਅਣਰਜਿਸਟਰਡ ਐਂਬੂਲੈਂਸਾਂ 'ਤੇ ਸ਼ਿਕੰਜਾ ਕੱਸਦਿਆਂ, ਤਿੰਨ ਗੱਡੀਆਂ ਨੂੰ ਥਾਣੇ ਵਿੱਚ ਬੰਦ ਕਰਵਾਇਆ। ਉਨ੍ਹਾਂ ਦੱਸਿਆ ਕਿ ਵਿਭਾਗੀ ਚੈਕਿੰਗ ਦੌਰਾਨ ਜ਼ਿਆਦਾਤਰ ਐਂਬੂਲੈਂਸਾਂ ਗੱਡੀਆਂ ਨਿਰਧਾਰਤ ਮਾਪਦੰਡਾਂ 'ਤੇ ਖਰੀਆਂ ਨਹੀਂ ਉਤਰ ਰਹੀਆਂ।

ਕੱਲ੍ਹ ਏ ਆਰ ਟੀ ਓ ਗੁਰਨਾਮ ਸਿੰਘ ਦੀ ਅਗਵਾਈ 'ਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਅਚਾਨਕ ਪੁੱਜੀ ਟੀਮ ਨੇ ਐਂਬੂਲੈਂਸਾਂ ਦੀ ਚੈਕਿੰਗ ਕੀਤੀ ਤਾਂ ਦਸਤਾਵੇਜ਼ਾਂ ਦੀ ਕਮੀ ਵਾਲੀਆਂ ਤਿੰਨ ਗੱਡੀਆਂ ਨੂੰ ਥਾਣੇ ਬੰਦ ਕਰਵਾਇਆ। ਵਰਨਣ ਯੋਗ ਹੈ ਕਿ ਡਿਪਟੀ ਕਮਿਸ਼ਨਰ ਫਰੀਦਕੋਟ ਨੇ ਕੱਲ੍ਹ ਅਣਰਜਿਸਟਰਡ ਐਂਬੂਲੈਂਸਾਂ ਉਤੇ ਪਾਬੰਦੀ ਲਾਉਣ ਦਾ ਹੁਕਮ ਸੁਣਾਇਆ ਸੀ। ਜ਼ਿਲ੍ਹਾ ਪ੍ਰਸ਼ਾਸਨ ਨੇ ਗੁਪਤ ਤੌਰ 'ਤੇ ਪੜਤਾਲ ਕਰਵਾਈ ਕਿ ਜ਼ਿਲ੍ਹੇ 'ਚ ਜ਼ਿਆਦਾਤਰ ਐਂਬੂਲੈਂਸਾਂ ਬਿਨਾਂ ਪਰਮਿਟ ਚੱਲ ਰਹੀਆਂ ਹਨ ਤੇ ਕਈ ਵਾਹਨ ਤਾਂ ਅਣਰਜਿਸਟਰਡ ਵੀ ਹਨ।

## ਸੀ ਬੀ ਆਈ ਵੱਲੋਂ ਸਾਬਕਾ ਮੰਤਰੀ ਦੇ ਪੁੱਤਰ ਸਮੇਤ 15 ਜਣਿਆਂ ਖਿਲਾਫ ਦੋਸ਼ ਪੱਤਰ ਦਾਇਰ



ਐਸ ਏ ਐਸ ਨਗਰ, 6 ਦਸੰਬਰ (ਪੋਸਟ ਬਿਊਰੋ)- ਸੀ ਬੀ ਆਈ ਨੇ ਮੋਗਾ ਦੇ ਰਹਿਣ ਵਾਲੇ ਇਕ ਵਿਅਕਤੀ 'ਤੇ ਝੂਠੇ ਦੋਸ਼ ਲਾਉਣ ਦੇ ਚਾਰ ਸਾਲ ਪੁਰਾਣੇ ਕੇਸ ਵਿੱਚ ਸਾਬਕਾ ਅਕਾਲੀ ਕੈਬਨਿਟ ਮੰਤਰੀ ਦੇ ਪੁੱਤਰ ਸਮੇਤ 15 ਜਣਿਆਂ ਖਿਲਾਫ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ 'ਚ ਦੋਸ਼ ਪੱਤਰ ਦਾਇਰ ਕੀਤਾ ਹੈ। ਇਸ ਦੋਸ਼ ਪੱਤਰ 'ਚ ਉਕਤ ਦੋਸ਼ੀਆਂ ਦੇ ਖਿਲਾਫ ਧਾਰਾ 120ਬੀ, 171 (ਫ), 192, 193, 218, 341, 342, 420, 220, 342 ਲਾਈਆਂ ਗਈਆਂ ਹਨ। ਸੀ ਬੀ ਆਈ ਨੇ ਮਈ 2017 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਇਹ ਮਾਮਲਾ ਦਰਜ ਕੀਤਾ ਸੀ।

ਮਿਲੀ ਜਾਣਕਾਰੀ ਅਨੁਸਾਰ ਦੋਸ਼ ਪੱਤਰ ਵਿੱਚ ਹਰਬੰਸ ਸਿੰਘ, ਸਾਬਕਾ ਅਕਾਲੀ ਮੰਤਰੀ ਤੋਤਾ ਸਿੰਘ ਦੇ ਲੜਕੇ ਬਰਜਿੰਦਰ ਸਿੰਘ ਉਰਫ ਮੱਖਣ ਬਰਾੜ, ਨਰਿੰਦਰ ਸਿੰਘ, ਪਰਮਪਾਲ ਸਿੰਘ, ਪਰਮਜੀਤ ਸਿੰਘ, ਹਕੀਕਤ ਸਿੰਘ, ਜਸਵੰਤ ਸਿੰਘ, ਜਗੀਰ ਸਿੰਘ, ਜਗਰੂਪ ਸਿੰਘ, ਰਛਪਾਲ ਸਿੰਘ, ਅਭੀਨਵ ਕੁਮਾਰ, ਮੋਹਕਮ ਸਿੰਘ, ਹਰਪਾਲ ਸਿੰਘ, ਰਵੀ ਸ਼ੇਰ ਸਿੰਘ ਅਤੇ ਸਤਵਿੰਦਰ ਸਿੰਘ ਵਿਰਕ ਨੂੰ ਨਾਮਜ਼ਦ ਕੀਤਾ ਗਿਆ ਹੈ। ਪਤਾ ਲੱਗਾ ਹੈ ਕਿ ਕੁਲਵੀਰ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰਕੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦੇ ਇਲਾਕੇ ਦੇ ਵਿਧਾਇਕ ਦਾ ਲੜਕਾ ਤੇ ਅਫਸਰ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਧਰਮਕੋਟ ਵਿਖੇ ਪ੍ਰਾਇਮਰੀ ਕੋਆਪਰੇਟਿਵ ਖੇਤੀਬਾੜੀ ਵਿਕਾਸ ਬੈਂਕ (ਪੀ ਏ ਡੀ ਬੀ) ਦੇ ਡਾਇਰੈਕਟਰਾਂ ਦੀ ਚੋਣ 'ਚ ਹਿੱਸਾ ਨਹੀਂ ਲੈਣ ਦੇ ਰਹੇ, ਸਗੋਂ ਉਲਟਾ ਉਸ ਦੇ ਖਿਲਾਫ 24 ਮਾਰਚ 2014 ਨੂੰ ਮੋਗਾ ਜ਼ਿਲੇ ਦੇ ਥਾਣਾ ਕੋਟ ਈਸੇ ਖਾਂ ਵਿੱਚ ਨਕਲੀ ਦੁੱਧ ਬਣਾਉਣ ਦਾ ਕੇਸ ਦਰਜ ਕਰਵਾ ਦਿੱਤਾ ਸੀ। ਕੁਲਵੀਰ ਸਿੰਘ ਨੇ ਸਾਲ 2015 ਵਿੱਚ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਦੱਸਿਆ ਕਿ ਉਸ ਖਿਲਾਫ ਝੂਠਾ ਕੇਸ ਦਰਜ ਕਰਵਾਇਆ ਗਿਆ ਹੈ। ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੇ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ ਸੀ ਅਤੇ ਸੀ ਬੀ ਆਈ ਵੱਲੋਂ ਇਸ ਕੇਸ ਵਿੱਚ ਬਰਜਿੰਦਰ ਸਿੰਘ ਸਮੇਤ 15 ਜਣਿਆਂ ਨੂੰ ਨਾਮਜ਼ਦ ਕਰਕੇ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ।

## ਇੰਪਰੂਵਮੈਂਟ ਟਰੱਸਟ ਨੇ ਜ਼ਮੀਨਾਂ ਦੇ ਪ੍ਰਬੰਧਕਾਂ ਨੂੰ ਨੋਟਿਸ ਕੱਢੇ

ਜਲੰਧਰ, 6 ਦਸੰਬਰ (ਪੋਸਟ ਬਿਊਰੋ)- ਇੰਪਰੂਵਮੈਂਟ ਟਰੱਸਟ ਨੇ ਲੀਜ਼ 'ਤੇ ਦਿੱਤੀਆਂ ਜ਼ਮੀਨਾਂ ਦੇ ਪ੍ਰਬੰਧਕਾਂ ਨੂੰ ਸ਼ਰਤਾਂ ਦੇ ਉਲਟ ਜ਼ਮੀਨਾਂ ਦੀ ਵਰਤੋਂ ਕਰਨ ਦੇ ਨੋਟਿਸ ਜਾਰੀ ਕੀਤੇ ਤੇ ਉਨ੍ਹਾਂ ਦਾ 15 ਦਿਨਾਂ ਅੰਦਰ ਜਵਾਬ ਮੰਗਿਆ ਹੈ। ਟਰੱਸਟ ਨੇ ਅਜਿਹੇ ਚਾਰ ਲੀਜ਼ ਹੋਲਡਰਾਂ ਨੂੰ ਨੋਟਿਸ ਜਾਰੀ ਕੀਤੇ ਹਨ।

ਇੰਪਰੂਵਮੈਂਟ ਟਰੱਸਟ ਦੀ ਈ ਓ ਸੁਰਿੰਦਰ ਕੁਮਾਰੀ ਨੇ ਉਕਤ ਨੋਟਿਸਾਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਜਿਹੜੇ ਚਾਰ ਨੋਟਿਸ ਜਾਰੀ ਕੀਤੇ ਗਏ ਹਨ, ਉਨ੍ਹਾਂ ਵਿੱਚ ਕੇ ਐਲ ਸਹਿਗਲ ਮੈਮੋਰੀਅਲ ਟਰੱਸਟ, ਏ ਪੀ ਜੇ ਸਕੂਲ, ਐਮ ਜੀ ਐਨ ਸਕੂਲ ਅਤੇ ਦਸਮੇਸ਼ ਐਜੂਕੇਸ਼ਨਲ ਸੁਸਾਇਟੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਨੋਟਿਸ ਜਾਰੀ ਹੋਣ ਪਿੱਛੋਂ ਟਰੱਸਟ ਨੂੰ 15 ਦਿਨਾਂ ਅੰਦਰ ਜਵਾਬ ਦੇਣਾ ਹੋਵੇਗਾ। ਜਿਹੜੇ ਨੋਟਿਸ ਜਾਰੀ ਕੀਤੇ ਗਏ ਹਨ, ਉਨ੍ਹਾਂ 'ਚ ਕਿਹਾ ਗਿਆ ਹੈ ਕਿ ਜਿਨ੍ਹਾਂ ਸ਼ਰਤਾਂ ਦੇ ਆਧਾਰ 'ਤੇ ਟਰੱਸਟ ਤੋਂ ਉਕਤ ਸੰਸਥਾਵਾਂ ਨੇ ਜ਼ਮੀਨ ਲੀਜ਼ 'ਤੇ ਲਈ ਸੀ, ਉਕਤ ਸੰਸਥਾਵਾਂ ਸ਼ਰਤਾਂ ਦੇ ਉਲਟ ਜ਼ਮੀਨ ਦੀ ਵਰਤੋਂ ਕਰ ਰਹੀਆਂ ਹਨ,ਜਿਸ ਕਾਰਨ ਇਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ।

## ਭਾਰਤ ਆਏ ਪਾਕਿਸਤਾਨੀ ਟਰੱਕ ਵਿੱਚੋਂ 32 ਕਿੱਲੋ ਸੋਨਾ ਬਰਾਮਦ

ਅਟਾਰੀ, 6 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਪਹਿਲੀ ਜਾਇੰਟ ਚੈੱਕ ਪੋਸਟ ਅਟਾਰੀ ਵਿਖੇ ਭਾਰਤੀ ਕਸਟਮ ਵਿਭਾਗ ਨੇ ਪਾਕਿਸਤਾਨ ਤੋਂ ਸੇਬ ਲੱਦ ਕੇ ਆਏ ਪਾਕਿਸਤਾਨੀ ਟਰੱਕ ਵਿੱਚੋਂ ਲੁਕਾ ਕੇ ਰੱਖੀਆਂ ਸੋਨੇ ਦੀਆਂ ਪਲੇਟ ਨੁਮਾ 27 ਇੱਟਾਂ ਬਰਾਮਦ ਕੀਤੀਆਂ ਹਨ, ਜਿਨ੍ਹਾਂ ਦਾ ਭਾਰ ਲਗਭਗ 32 ਕਿੱਲੋ ਹੈ।

ਮਿਲੀ ਜਾਣਕਾਰੀ ਅਨੁਸਾਰ ਬਾਅਦ ਦੁਪਹਿਰ ਬਾਅਦ ਅਫਗਾਨਿਸਤਾਨ ਦੀ ਅਮੀਨੀ ਸਦਰੀ ਲਿਮਟਿਡ ਤੇ ਰਹੀਮੀ ਸੰਨਜ਼ ਮਾਰਕੀਟ ਕੰਪਨੀ ਕਾਬਲ ਤੋਂ 900 ਟੋਕਰੀਆਂ, 200 ਡੱਬੇ ਸੇਬ ਅਤੇ 12 ਟੋਕਰੀਆਂ ਅਨਾਰ ਲੱਦ ਕੇ, ਜੋ ਦਿੱਲੀ ਸਥਿਤ ਮੈਸਰਜ਼ ਯੂਨੀਵਰਸਲ ਨੇ ਮੰਗਵਾਇਆ ਸੀ, ਭਾਰਤੀ ਟਰੇਡਿੰਗ ਗੇਟ ਰਾਹੀਂ ਭਾਰਤ 'ਚ ਦਾਖਲ ਹੋਏ ਟਰੱਕ, ਜਿਸ ਨੂੰ ਟਰੱਕ ਚਾਲਕ ਗੁਲ ਖਾਨ ਪੁੱਤਰ ਮੁਹੱਬਤ ਖਾਨ ਵਾਸੀ ਜੇਹਲਮ ਪਾਕਿਸਤਾਨ ਚਲਾ ਰਿਹਾ ਸੀ, ਦੀ ਚੈਕਿੰਗ ਕੀਤੀ ਗਈ। ਇਹ ਟਰੱਕ ਜਾਂਚ ਚੌਕੀ 'ਚ ਕਾਰਗੋ ਸੈਕਸ਼ਨ ਵਿੱਚ ਖੜਾ ਸੀ। ਜਦੋਂ ਇਸ ਵਿੱਚ ਲੱਦੇ ਮਾਲ ਨੂੰ ਲਾਹੁਣ ਲਈ ਗੁਦਾਮ ਉਤੇ ਲਿਆਂਦਾ ਗਿਆ ਤਾਂ ਭਾਰਤੀ ਕਸਟਮ ਵਿਭਾਗ ਨੇ ਅਚਾਨਕ ਆ ਕੇ ਟਰੱਕ ਨੂੰ ਘੇਰ ਕੇ ਕਸਟਮ ਕਮਿਸ਼ਨਰ ਬਸੰਤ ਕੁਮਾਰ ਦੀ ਅਗਵਾਈ 'ਚ ਸੇਬਾਂ ਦੀਆਂ ਪੇਟੀਆਂ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ। ਇਨ੍ਹਾਂ ਪੇਟੀਆਂ ਵਿੱਚੋਂ ਸੋਨੇ ਦੀਆਂ ਪਲੇਟਨੁਮਾ 27 ਇੱਟਾਂ ਮਿਲੀਆਂ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ।

## ਕਾਰੋਬਾਰੀ ਤੋਂ 10 ਲੱਖ ਰੁਪਏ ਲੁੱਟੇ

ਸੁਜਾਨਪੁਰ, 6 ਦਸੰਬਰ (ਪੋਸਟ ਬਿਊਰੋ)- ਸੁਜਾਨਪੁਰ ਦੇ ਪੁਲ ਨੰਬਰ ਚਾਰ ਅਤੇ ਪੰਜ ਵਿਚਾਲੇ ਸ਼ਾਮਾ ਹਾਰਡਵੇਅਰ ਐਂਡ ਆਇਰਨ ਸਟੋਰ 'ਤੋਂ ਕੱਲ੍ਹ ਨਕਾਬਪੋਸ਼ ਲੁਟੇਰਿਆਂ ਵੱਲੋਂ ਪਿਸਤੌਲ ਦੀ ਨੋਕ ਉੱਤੇ 10 ਲੱਖ ਰੁਪਏ ਲੁੱਟੇ ਲਏ। ਦੁਕਾਨ ਮਾਲਕ ਸ਼ਾਮ ਲਾਲ ਮਹਾਜਨ ਨੇ ਦੱਸਿਆ ਕਿ ਰੋਜ਼ ਦੀ ਤਰ੍ਹਾਂ ਜਦੋਂ ਉਹ ਦੁਕਾਨ ਬੰਦ ਕਰਨ ਲੱਗੇ ਤਾਂ ਨਕਦੀ ਨਾਲ ਭਰਿਆ ਬਸਤਾ ਕਾਊਂਟਰ 'ਤੇ ਰੱਖਿਆ ਸੀ। ਏਨੇ ਨੂੰ ਤਿੰਨ ਵਿਅਕਤੀ ਦੁਕਾਨ 'ਤੇ ਆਏ ਜਿਨ੍ਹਾਂ 'ਚੋਂ ਇਕ ਨੇ ਹੈਲਮੈਟ ਪਾਇਆ ਸੀ ਤੇ ਦੋ ਨੇ ਮੂੰਹ ਢੱਕੇ ਹੋਏ ਸਨ। ਉਨ੍ਹਾਂ ਨੇ ਦੁਕਾਨ ਮਾਲਕ ਅਤੇ ਉਨ੍ਹਾਂ ਦੇ ਨੌਕਰ 'ਤੇ ਪਿਸਤੌਲ ਤਾਣ ਦਿੱਤਾ ਤੇ ਕਾਊਂਟਰ 'ਤੇ ਰੱਖੀ ਨਕਦੀ ਲੈ ਕੇ ਫਰਾਰ ਹੋ ਗਏ। ਦੁਕਾਨ ਮਾਲਕ ਨੇ ਜਦੋਂ ਉਨ੍ਹਾਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਵੀ ਕੀਤੀ।

## 20 ਲੱਖ ਇੰਸ਼ੋਰੈਂਸ ਕਲੇਮ ਲੈਣ ਲਈ ਨੌਜਵਾਨ ਨੂੰ ਜਿੰਦਾ ਸਾੜਿਆ



ਮੋਹਾਲੀ, 6 ਦਸੰਬਰ (ਪੋਸਟ ਬਿਊਰੋ)- 20 ਨਵੰਬਰ ਦੀ ਰਾਤ ਹਿਮਾਚਲ ਪ੍ਰਦੇਸ਼ ਦੇ ਨਾਹਨ ਅਤੇ ਪਾਉਂਟਾ ਸਾਹਬਿ ਰੋਡ 'ਤੇ ਕਾਰ ਵਿੱਚ ਜਿੰਦਾ ਸੜ ਕੇ ਮਰੇ ਵਿਅਕਤੀ ਦੀ ਮੌਤ ਦੀ ਗੁੱਥੀ ਨੂੰ ਨਾਹਨ ਪੁਲਸ ਨੇ ਸੁਲਝਾ ਲਿਆ ਹੈ। ਪੁਲਸ ਕਾਰ ਵਿੱਚ ਜਿੰਦਾ ਸੜ ਕੇ ਮਰੇ ਨੌਜਵਾਨ ਨੂੰ ਬਲਟਾਣਾ ਦਾ ਆਕਾਸ਼ ਸਮਝਦੀ ਸੀ, ਪ੍ਰੰਤੂ ਇਹ ਲਾਸ਼ ਆਕਾਸ਼ ਦੀ ਨਹੀਂ, ਬਲਕਿ ਰਾਜਸਥਾਨ ਦੇ ਮਿਸਤਰੀ ਰਾਜੂ ਦੀ ਸੀ।

ਮਿਲੀ ਜਾਣਕਾਰੀ ਅਨੁਸਾਰ ਆਕਾਸ਼ ਨੇ ਲਾਈਫ ਇੰਸ਼ੋਰੈਂਸ ਦਾ ਕਰੀਬ 20 ਲੱਖ ਰੁਪਏ ਕਲੇਮ ਲੈਣ ਲਈ ਆਪਣੇ ਭਤੀਜੇ ਬਲਟਾਣਾ ਵਾਸੀ ਰਵੀ ਕੁਮਾਰ ਨਾਲ ਮਿਲ ਕੇ ਸਾਜ਼ਿਸ਼ ਰਚੀ ਅਤੇ ਰਾਜੂ ਨੂੰ ਆਪਣੀ ਸਵਿਫਟ ਗੱਡੀ ਵਿੱਚ ਜਿੰਦਾ ਸਾੜ ਦਿੱਤਾ। ਹਾਦਸੇ ਦੇ ਬਾਅਦ ਆਕਾਸ਼ ਖੁਦ ਯੂ ਪੀ ਦੇ ਪਿੰਡ ਪਲਵਲ ਵਿੱਚ ਜਾ ਕੇ ਲੁਕ ਗਿਆ ਅਤੇ 20 ਲੱਖ ਦਾ ਕਲੇਮ ਪਾਸ ਹੋਣ ਦਾ ਇੰਤਜ਼ਾਰ ਕਰਨ ਲੱਗਾ। ਨਾਹਨ ਪੁਲਸ ਨੇ ਆਕਾਸ਼ ਨੂੰ ਯੂ ਪੀ ਤੋਂ ਗ੍ਰਿਫਤਾਰ ਕਰ ਲਿਆ ਹੈ। ਬਲਟਾਣਾ ਵਾਸੀ ਆਕਾਸ਼ ਨੇ ਲਾਈਫ ਇੰਸ਼ੋਰੈਂਸ਼ ਕਾਰਵਾਈ ਸੀ, ਜਿਸ 'ਤੇ ਮੌਤ ਦੇ ਬਾਅਦ ਪਰਵਾਰ ਨੂੰ 20 ਲੱਖ ਰੁਪਏ ਦਾ ਕਲੇਮ ਮਿਲਣਾ ਸੀ। ਆਕਾਸ਼ ਨੇ ਆਪਣੇ ਭਤੀਜੇ ਰਵੀ ਕੁਮਾਰ, ਜੋ ਸਕੂਲ ਬਸ ਦਾ ਡਰਾਈਵਰ ਹੈ, ਦੇ ਨਾਲ ਮਿਲ ਕੇ ਇੱਕ ਸਾਜ਼ਿਸ ਰਚੀ। ਉਸ ਨੇ ਰਾਜਸਥਾਨ ਵਾਸੀ ਰਾਜੂ ਤੋਂ ਜਾਨ ਵਧਾਈ ਅਤੇ ਉਸ ਨੂੰ ਘੁਮਾਉਣ ਦੇ ਬਹਾਨੇ ਪਾਉਂਟਾ ਸਾਹਬਿ ਲੈ ਗਏ। ਉਸ ਦੇ ਬਾਅਦ ਉਹ ਨਾਹਨ ਆਏ ਅਤੇ ਉਨ੍ਹਾਂ ਨੇ ਰਾਜੂ ਨੂੰ ਖੂਬ ਸ਼ਰਾਬ ਪਿਲਾਈ ਅਤੇ ਜਦ ਉਹ ਨਸ਼ੇ ਵਿੱਚ ਬੇਹੋਸ਼ ਹੋ ਗਿਆ ਤਾਂ ਉਸ ਦਾ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ।

7 STAR IMMIGRATION

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ

With Our Expert Team

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant

Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca

1625 Steeles Ave E., Unit 17A, Brampton, ON L6T 4T7
Main Intersection- Steeles & Advance Blvd.

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344

2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ



# ਚੋਣਾਂ ਤੋਂ ਪਹਿਲਾਂ ਤਿਲੰਗਾਨਾ ਦੇ ਉਮੀਦਵਾਰ ਗੱਡੀ ਵਿੱਚੋਂ 3 ਕਰੋੜ ਰੁਪਏ ਫੜੇ

ਹੈਦਰਾਬਾਦ, 6 ਦਸੰਬਰ (ਪੋਸਟ ਬਿਊਰੋ)- ਤੇਲੰਗਾਨਾ ਵਿਚ ਸ਼ੁਕਰਵਾਰ ਨੂੰ ਹੋ ਰਹੀਆਂ ਚੋਣਾਂ ਤੋਂ ਇਕ ਦਿਨ ਪਹਿਲਾਂ ਚੋਣ ਕਮਿਸ਼ਨ ਅਤੇ ਵਾਰੰਗਲ ਜ਼ਿਲ੍ਹਾ ਪ੍ਰਸ਼ਾਸਨ ਦੀ ਸਾਂਝੀ ਕਾਰਵਾਈ ਵਿਚ ਇਕ ਉਮੀਦਵਾਰ ਦੀ ਗੱਡੀ ਵਿੱਚੋਂ 3 ਕਰੋੜ ਰੁਪਏ ਤੋਂ ਜ਼ਿਆਦਾ ਰਕਮ ਜ਼ਬਤ ਕੀਤੀ ਗਈ ਹੈ। ਵਾਰੰਗਲ ਪੁਲਿਸ ਨੇ ਵਰਧਾਨਾਪੇਟ ਵਿਧਾਨ ਸਭਾ ਹਲਕੇ ਤੋਂ ਇਨ੍ਹਾਂ ਪੈਸਿਆਂ ਨੂੰ ਵਾਹਨਾਂ ਦੀ ਤਲਾਸ਼ੀ ਦੇ ਦੌਰਾਨ ਬਰਾਮਦ ਕੀਤਾ ਹੈ।



ਪੁਲਿਸ ਦੇ ਮੁਤਾਬਕ ਬਰਾਮਦ ਕੀਤੀ ਰਕਮ ਨੂੰ ਵੋਟਰਾਂ ਵਿਚ ਵੰਡਣ ਲਈ ਲਿਜਾਇਆ ਜਾ ਰਿਹਾ ਸੀ ਪਰ ਇਸ ਤੋਂ ਪਹਿਲਾਂ ਹੀ ਪੁਲਿਸ ਨੇ ਜ਼ਬਤ ਕਰ ਲਿਆ। ਇਸ ਕਾਰਵਾਈ ਪਿੱਛੋਂ ਮੀਡੀਆ ਨਾਲ ਗੱਲ ਕਰਦੇ ਹੋਏ ਵਾਰੰਗਲ ਦੇ ਪੁਲਿਸ ਕਮਿਸ਼ਨਰ ਵੀ. ਰਵਿੰਦਰ ਨੇ ਕਿਹਾ ਕਿ 3 ਕਰੋੜ ਰੁਪਏ ਤੋਂ ਵੱਧ ਨਕਦੀ ਨੂੰ ਤੇਲੰਗਾਨਾ ਦੀ ਵਰਧਾਨਾਪੇਟ ਵਿਧਾਨ ਸਭਾ ਵਿਚ ਵੰਡਣ ਲਈ ਇਕ ਵਾਹਨ 'ਚ ਲਿਜਾਇਆ ਜਾ ਰਿਹਾ ਸੀ। ਕਮਿਸ਼ਨਰ ਨੇ ਕਿਹਾ ਕਿ ਪੁਲਿਸ ਨੂੰ ਇਸ ਗੱਲ ਦੇ ਸਬੂਤ ਮਿਲੇ ਹਨ ਕਿ ਇਹ ਪੈਸੇ ਇਥੇ ਤੇਲੰਗਾਨਾ ਰਾਸ਼ਟਰੀ ਕਮੇਟੀ ਦੇ ਉਮੀਦਵਾਰ ਪੀ. ਦੇਵੇਇਆ ਨੇ ਭੇਜੇ ਸਨ, ਜਿਸ ਨੂੰ ਵੇਖ ਕੇ ਵਿਭਾਗ ਚੋਣ ਕਮਿਸ਼ਨ ਦੇ ਅਫਸਰਾਂ ਨਾਲ ਮਿਲ ਕੇ ਆਪਣੀ ਕਾਰਵਾਈ ਕਰ ਰਿਹਾ ਹੈ।

ਵਰਨਣ ਯੋਗ ਹੈ ਕਿ ਤੇਲੰਗਾਨਾ ਵਿਚ ਸ਼ੁਕਰਵਾਰ ਨੂੰ ਵਿਧਾਨ ਸਭਾ ਚੋਣਾਂ ਦੀ ਵੋਟਿੰਗ ਹੋਣੀ ਸੀ। ਇਸ ਤੋਂ ਪਹਿਲਾਂ ਚੋਣ ਕਮਿਸ਼ਨ ਨੇ ਇਥੇ ਚੋਣਾਂ ਦੀਆਂ ਸਭ ਤਿਆਰੀਆਂ ਪੂਰੀਆਂ ਕਰ ਲਈਆਂ ਹਨ। ਤੇਲੰਗਾਨਾ ਵਿਚ ਵੋਟਿੰਗ ਤੋਂ ਪਹਿਲਾਂ ਵੀਰਵਾਰ ਤੋਂ ਹੀ ਹੈਦਰਾਬਾਦ ਸਮੇਤ ਹੋਰ ਰਾਜਾਂ ਵਿਚ ਵਾਹਨਾਂ ਦੀ ਤਲਾਸ਼ੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਚੋਣਾਂ ਦੀ ਪ੍ਰਕਿਰਿਆ ਨੂੰ ਸਹੀ ਢੰਗ ਨਾਲ ਪੂਰਾ ਕਰਨ ਲਈ ਰਾਜ ਭਰ ਵਿਚ ਸਖਤ ਸੁਰੱਖਿਆ ਦੇ ਪ੍ਰਬੰਧ ਵੀ ਕੀਤੇ ਗਏ ਹਨ।

### ਸੁਪਰੀਮ ਕੋਰਟ ਨੇ ਕਿਹਾ:

# ਪੰਜ ਸਾਲਾਂ 'ਚ ਖੱਡਿਆਂ ਨਾਲ ਹੋਈਆਂ 15 ਹਜ਼ਾਰ ਮੌਤਾਂ ਸਹਿਣ ਯੋਗ ਨਹੀਂ

ਨਵੀਂ ਦਿੱਲੀ, 6 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਬੀਤੇ ਪੰਜ ਸਾਲਾਂ ਵਿਚ ਸੜਕ 'ਤੇ ਖੱਡਿਆਂ ਕਾਰਨ ਕਰੀਬ 15 ਹਜ਼ਾਰ ਲੋਕਾਂ ਦੀ ਮੌਤ ਹੋਣਾ ਸਵੀਕਾਰ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਨਾਰਾਜ਼ਗੀ ਪ੍ਰਗਟ ਕਰਦੇ ਹੋਏ ਕਿਹਾ ਕਿ ਮਰਨ ਵਾਲਿਆਂ ਦੀ ਇਹ ਗਿਣਤੀ ਸਰਹੱਦ 'ਤੇ ਸ਼ਹੀਦ ਹੁੰਦੇ ਜਵਾਨਾਂ ਜਾਂ ਅੱਤਵਾਦੀਆਂ ਹੱਥੋਂ ਮਾਰੇ ਜਾਂਦੇ ਲੋਕਾਂ ਦੀ ਗਿਣਤੀ ਤੋਂ ਵੱਧ ਹੈ। ਸਾਫ਼ ਹੈ ਕਿ ਪ੍ਰਸ਼ਾਸਨ ਸੜਕਾਂ ਦੀ ਠੀਕ ਸੰਭਾਲ ਨਾਲ ਨਹੀਂ ਕਰ ਰਿਹਾ।



ਜਸਟਿਸ ਮਦਨ ਬੀ ਲੋਕੁਰ, ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਹੇਮੰਤ ਗੁਪਤਾ ਦੇ ਬੈਂਚ ਨੇ ਅੱਜ ਵੀਰਵਾਰ ਨੂੰ ਕਿਹਾ ਕਿ ਇਹ ਗੱਲ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਕਿ ਏਨੀ ਵੱਡੀ ਗਿਣਤੀ ਵਿਚ ਲੋਕਾਂ ਦੀ ਮੌਤ ਸੜਕਾਂ ਉਤੇ ਪਏ ਖੱਡਿਆਂ ਕਾਰਨ ਹੁੰਦੀ ਹੈ। ਬੈਂਚ ਨੇ ਸੜਕ ਸੁਰੱਖਿਆ ਬਾਰੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕੇ ਐੱਸ ਰਾਧਾਕ੍ਰਿਸ਼ਨਨ ਦੀ ਪ੍ਰਧਾਨਗੀ ਵਿਚ ਬਣਾਈ ਕਮੇਟੀ ਦੀ ਰਿਪੋਰਟ 'ਤੇ ਨੋਟਿਸ ਲੈਂਦੇ ਹੋਏ ਸਰਕਾਰ ਨੂੰ ਝਾੜਾਂ ਪਾਈਆਂ ਹਨ। ਇਸ ਰਿਪੋਰਟ ਵਿਚ ਦੇਸ਼ ਵਿਚ ਸਾਲ 2013 ਤੋਂ ਲੈ ਕੇ ਸਾਲ 2017 ਤਕ ਖੱਡਿਆਂ ਕਾਰਨ ਹੋਏ ਸੜਕ ਹਾਦਸਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ 14,926 ਦੱਸੀ ਗਈ ਹੈ। ਬੈਂਚ ਨੇ ਕੇਂਦਰ ਸਰਕਾਰ ਨੂੰ ਕਮੇਟੀ ਦੀ ਇਸ ਰਿਪੋਰਟ 'ਤੇ ਜਵਾਬ ਦਾਖ਼ਲ ਕਰਨ ਨੂੰ ਕਿਹਾ ਹੈ, ਪਰ ਇਸ ਤੋਂ ਪਹਿਲਾਂ ਕੇਂਦਰ ਨੂੰ ਸਾਰੀਆਂ ਸੂਬਾ ਸਰਕਾਰਾਂ ਨਾਲ ਇਸ ਬਾਰੇ ਵਿਚਾਰ-ਵਟਾਂਦਰਾ ਲਈ ਕਿਹਾ ਗਿਆ ਹੈ। ਇਸ ਕੇਸ ਦੀ ਸੁਣਵਾਈ ਜਨਵਰੀ ਤਕ ਮੁਲਤਵੀ ਕਰ ਦਿੱਤੀ ਗਈ ਹੈ।

ਨਿਆਂ ਮਿੱਤਰ ਵਜੋਂ ਸੁਪਰੀਮ ਕੋਰਟ ਦੀ ਮਦਦ ਕਰ ਰਹੇ ਵਕੀਲ ਗੌਰਵ ਅਗਰਵਾਲ ਨੇ ਇਸ ਕੇਸ ਵਿਚ ਦੱਸਿਆ ਕਿ ਕਮੇਟੀ ਨੇ ਆਪਣੀ ਰਿਪੋਰਟ ਕੋਰਟ ਦੇ ਨਿਰਦੇਸ਼ਾਂ ਅਤੇ ਸਾਰੇ ਰਾਜਾਂ ਨਾਲ ਸਲਾਹ ਤੋਂ ਬਾਅਦ ਦਾਇਰ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸੜਕ ਹਾਦਸਿਆਂ ਵਿਚ ਮੌਤਾਂ ਦੇ ਅੰਕੜੇ ਸੜਕ ਟਰਾਂਸਪੋਰਟ ਅਤੇ ਹਾਈਵੇਜ਼ ਮੰਤਰਾਲੇ ਤੋਂ ਮਿਲੇ ਤੱਥਾਂ 'ਤੇ ਅਧਾਰਤ ਹਨ। ਅਦਾਲਤ ਨੇ ਪਾਇਆ ਕਿ ਸੜਕ ਵਿਭਾਗ ਨਾਲ ਕੰਮ ਕਰਦੇ ਨਗਰ ਨਿਗਮਾਂ, ਭਾਰਤੀ ਨੈਸ਼ਨਲ ਹਾਈਵੇਜ਼ ਅਥਾਰਟੀ ਆਦਿ ਦੇ ਪ੍ਰਸ਼ਾਨਕ ਸਟਾਫ ਨੂੰ ਇਨ੍ਹਾਂ ਮੌਤਾਂ ਲਈ ਜ਼ਿੰਮੇਵਾਰ ਮੰਨਿਆ ਜਾਣਾ ਚਾਹੀਦਾ ਹੈ, ਕਿਉਂਕਿ ਸੜਕਾਂ ਦੀ ਦੇਖਰੇਖ ਦੀ ਜ਼ਿੰਮੇਵਾਰੀ ਇਨ੍ਹਾਂ ਦੀ ਹੁੰਦੀ ਹੈ।

## ਮਾਧੁਰੀ ਦੀਕਸ਼ਿਤ ਨੂੰ ਲੋਕ ਸਭਾ ਚੋਣ ਲੜਵਾ ਸਕਦੀ ਹੈ ਭਾਜਪਾ

ਮੁੰਬਈ, 6 ਦਸੰਬਰ (ਪੋਸਟ ਬਿਊਰੋ)- ਬਾਲੀਵੁੱਡ ਦੀ ਕਾਮਯਾਬ ਅਭਿਨੇਤਰੀ ਮਾਧੁਰੀ ਦੀਕਸ਼ਿਤ ਨੇਨੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਟਿਕਟ 'ਤੇ ਸਿਆਸੀ ਸਫ਼ਰ ਸ਼ੁਰੂ ਕਰ ਸਕਦੀ ਹੈ। ਭਾਜਪਾ ਮਾਧੁਰੀ ਨੂੰ ਲੋਕ ਸਭਾ ਚੋਣਾਂ ਵਿੱਚ ਮਹਾਰਾਸ਼ਟਰ ਦੀ ਪੁਣੇ ਸੀਟ ਤੋਂ ਲੜਾਉਣ ਬਾਰੇ ਸੋਚ ਰਹੀ ਹੈ।

ਵਰਣਨ ਯੋਗ ਹੈ ਕਿ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਨੇ 'ਸੰਪਰਕ ਫਾਰ ਸਮਰਥਨ' ਮੁਹਿੰਮ ਹੇਠ ਇਸੇ ਸਾਲ ਜੂਨ ਵਿੱਚ ਮਾਧੁਰੀ ਦੀਕਸ਼ਤ ਨਾਲ ਮੁੰਬਈ ਵਿੱਚ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ ਸੀ। ਉਨ੍ਹਾ ਨੇ ਮਾਧੁਰੀ ਨੂੰ ਨਰਿੰਦਰ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਾਇਆ ਸੀ। ਮਹਾਰਾਸ਼ਟਰ ਦੇ ਇਕ ਸੀਨੀਅਰ ਭਾਜਪਾ ਨੇਤਾ ਨੇ ਦੱਸਿਆ ਕਿ ਪਾਰਟੀ ਅਗਲੀਆਂ ਆਮ ਚੋਣਾਂ ਦੇ ਮੁੱਦੇ 'ਤੇ ਕਈ ਲੋਕ ਸਭਾ ਸੀਟਾਂ ਲਈ ਉਮੀਦਵਾਰਾਂ ਦੇ ਨਾਂ ਤੈਅ ਕਰ ਰਹੀ ਹੈ। ਮਾਧੁਰੀ ਦਾ ਨਾਂ ਪੁਣੇ ਲੋਕ ਸਭਾ ਚੋਣ ਹਲਕੇ ਲਈ ਚੁਣਿਆ ਜਾ ਰਿਹਾ ਹੈ।

ਸਾਲ 2014 ਵਿੱਚ ਭਾਜਪਾ ਨੇ ਕਾਂਗਰਸ ਤੋਂ ਪੁਣੇ ਲੋਕ ਸਭਾ ਸੀਟ ਖੋਹੀ ਸੀ। ਪਾਰਟੀ ਉਮੀਦਵਾਰ ਅਨਿਲ ਸ਼ਿਰੋਲੇ ਨੇ ਤਿੰਨ ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਇਹ ਸੀਟ ਜਿੱਤੀ ਸੀ। ਇਸ ਬਾਰੇ ਭਾਜਪਾ ਦੇ ਇੱਕ ਸੀਨੀਅਰ ਆਗੂ ਨੇ ਕਿਹਾ ਕਿ ਅਜਿਹਾ ਤਰੀਕਾ ਨਰਿੰਦਰ ਮੋਦੀ ਨੇ ਗੁਜਰਾਤ 'ਚ ਉਦੋਂ ਅਪਣਾਇਆ ਸੀ ਜਦੋਂ ਉਹ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ।

## ਪੈਰਿਸ ਅੱਤਵਾਦੀ ਹਮਲੇ ਦੀ ਜਾਂਚ ਲਈ ਫਰੈਂਚ ਪੁਲਸ ਕੇਰਲ ਪੁੱਜੀ

ਕੋਚੀ, 6 ਦਸੰਬਰ (ਪੋਸਟ ਬਿਊਰੋ)- ਫਰਾਂਸ ਦੀ ਪੁਲਸ ਦੀ ਇਕ ਟੀਮ ਆਪਣੇ ਇਕ ਡਿਪਲੋਮੈਂਟ ਨਾਲ ਕੱਲ੍ਹ ਸ਼ਾਮ ਕੇਰਲ ਦੇ ਕੋਚੀ ਸ਼ਹਿਰ ਪੁੱਜੀ। ਇਹ ਟੀਮ ਸੁਬਹਾਨੀ ਹਾਜਾ ਮੁਈਨਉਦੀਨ (33) ਤੋਂ ਪੁੱਛਗਿੱਛ ਕਰਨ ਆਈ ਹੈ। ਸੁਬਾਹਾਨੀ ਨੂੰ ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ 2016 ਵਿੱਚ ਇਸਲਾਮਿਕ ਸਟੇਟ (ਆਈ ਐਸ) 'ਚ ਸ਼ਾਮਲ ਹੋਣ ਤੇ ਉਸ ਦੀਆਂ ਸਰਗਰਮੀਆਂ ਦਾ ਸਮੱਰਥਨ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਸੀ। ਮੰਨਿਆ ਜਾਂਦਾ ਹੈ ਕਿ ਉਹ 2015 'ਚ ਪੈਰਿਸ 'ਚ ਹੋਏ ਅੱਤਵਾਦੀ ਹਮਲਿਆਂ 'ਚ ਅਸਿੱਧੇ ਰੂਪ ਵਿੱਚ ਸ਼ਾਮਲ ਸੀ।

ਐਨ ਆਈ ਏ ਅਧਿਕਾਰੀਆਂ ਦੇ ਮੁਤਾ-ਬਕ ਪੈਰਿਸ ਹਮਲਾ ਕੇਸ 'ਚ ਗ੍ਰਿਫਤਾਰ ਮੁੱਖ ਮੁਲਜ਼ਮ ਸਲਾਹ ਅਬਦੇਸਲੇਮ ਨਾਲ ਸੁਬਾਹਾਨੀ ਨੂੰ ਸੀਰੀਆ 'ਚ ਸਿਖਲਾਈ ਦਿੱਤੀ ਗਈ ਸੀ। ਸੁਬਾਹਾਨੀ ਥੋਡੁਪੁਝਾ ਦਾ ਵਸਨੀਕ ਹੈ। ਸਾਲ 2016 ਵਿੱਚ ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਹ ਤਾਮਿਲ ਨਾਡੂ ਦੇ ਤਿਰੂਨੇਲਵੇਲੀ ਜ਼ਿਲੇ 'ਚ ਰਹਿ ਰਿਹਾ ਸੀ। ਆਈ ਐਸ 'ਚ ਰਹਿੰਦਿਆਂ ਉਸ ਨੇ ਸ਼ਰੀਅਤ ਦੀ ਤਾਲੀਮ ਹਾਸਲ ਕਰਨ ਬਾਅਦ ਯੁੱਧ ਦੀ ਸਿਖਲਾਈ ਵੀ ਲਈ। ਇਸ ਵਿੱਚ ਵੱਖ-ਵੱਖ ਆਟੋਮੈਟਿਕ ਹਥਿਆਰ ਚਲਾਉਣ ਦੀ ਸਿਖਲਾਈ ਸ਼ਾਮਲ ਸੀ। ਇਸ ਤੋਂ ਬਾਅਦ ਉਸ ਨੂੰ ਇਰਾਕ ਦੇ ਮੋਸੁਲ 'ਚ ਆਈ ਐਸ ਦੇ ਕਬਜ਼ੇ ਵਾਲੇ ਇਲਾਕੇ ਵਿੱਚ ਸੁਰੱਖਿਆ ਕਾਰਜਾਂ 'ਚ ਤਾਇਨਾਤ ਕੀਤਾ ਗਿਆ ਸੀ।

# ਵਿਦੇਸ਼ੀ ਸਿਗਰਟਾਂ ਨਾਲ ਭਾਰਤ ਸਰਕਾਰ ਨੂੰ ਆਮਦਨ ਦਾ ਬਹੁਤ ਵੱਡਾ ਨੁਕਸਾਨ

ਨਵੀਂ ਦਿੱਲੀ, 6 ਦਸੰਬਰ (ਪੋਸਟ ਬਿਊਰੋ)- ਭਾਰਤ ਵਿੱਚ ਵਿਦੇਸ਼ੀ ਸਿਗਰਟਾਂ ਦਾ ਵਧ ਰਿਹਾ ਨਾਜਾਇਜ਼ ਕਾਰੋਬਾਰ ਇਸ ਦੇਸ਼ ਦੇ ਖਜ਼ਾਨੇ ਨੂੰ ਵੱਡਾ ਚੂਨਾ ਲਾ ਰਿਹਾ ਹੈ। ਸਮੱਗਲਿੰਗ ਨਾਲ ਆਉਣ ਵਾਲੀਆਂ ਵਿਦੇਸ਼ੀ ਬ੍ਰਾਂਡ ਦੀਆਂ ਸਿਗਰਟਾਂ ਜ਼ਰੀਏ ਸਰਕਾਰ ਨੂੰ ਹਰ ਸਾਲ ਲਗਭਗ 13,000 ਕਰੋੜ ਰੁਪਏ ਦਾ ਨੁਕਸਾਨ ਉਠਾਉਣਾ ਪੈ ਰਿਹਾ ਹੈ।




ਮਿਲੀ ਜਾਣਕਾਰੀ ਅਨੁਸਾਰ ਘਰੇਲੂ ਬਾਜ਼ਾਰ ਵਿੱਚ ਵਿਦੇਸ਼ੀ ਬਰਾਂਡ ਦੀ ਸਿਗਰਟ ਦੀ ਮੰਗ ਕਾਫੀ ਵੱਧ ਹੈ। ਇਹੀ ਕਾਰਨ ਹੈ ਕਿ ਸਾਲ 2011 ਤੋਂ ਬਾਅਦ ਦੇਸ਼ ਵਿੱਚ ਇਸ ਦਾ ਗੈਰ ਕਨੂੰਨੀ ਕਾਰੋਬਾਰ ਕਾਫੀ ਵਧ ਗਿਆ ਹੈ, ਖਾਸ ਤੌਰ ਉਤੇ ਸਾਲ 2012-13 ਤੋਂ ਬਾਅਦ ਤੋਂ ਇਸ 'ਤੇ ਟੈਕਸ ਦਰ ਵਧਣ ਨਾਲ ਇਸ ਦੀ ਸਮੱਗਲਿੰਗ ਵਿੱਚ ਕਾਫੀ ਵਾਧਾ ਹੋਇਆ ਹੈ। ਉਦਯੋਗ ਖੇਤਰ ਦੇ ਅਨੁਮਾਨ ਮੁਤਾ-ਬਕ ਇਸ ਸਮੇਂ ਤੋਂ ਬਾਅਦ ਇਸ ਦਾ ਗੈਰ ਕਾਨੂੰਨੀ ਕਾਰੋਬਾਰ ਕਰੀਬ 28 ਫੀਸਦੀ ਤੱਕ ਵਧਿਆ ਹੈ। ਸਾਲ 2011 ਵਿੱਚ ਦੇਸ਼ ਵਿੱਚ ਕਰੀਬ 19.5 ਅਰਬ ਸਿਗਰਟ ਸਟਿਕ ਦੀ ਵਿਕਰੀ ਗੈਰ ਕਾਨੂੰਨੀ ਹੁੰਦੀ ਸੀ। ਇਹ ਅੰਕੜਾ 2017 ਵਿੱਚ ਵਧ ਕੇ 24.9 ਅਰਬ ਸਿਗਰਟ ਸਟਿਕ ਹੋ ਗਿਆ ਹੈ। ਸਿਗਰਟ ਦੇ ਇਸ ਗੈਰ ਕਾਨੂੰਨੀ ਕਾਰੋਬਾਰ ਦਾ ਅਸਰ ਸਿੱਧੇ ਤੌਰ ਉਤੇ ਸਰਕਾਰ ਦੇ ਖਜ਼ਾਨੇ 'ਤੇ ਪੈ ਰਿਹਾ ਹੈ। ਉਦਯੋਗ ਸੰਗਠਨ ਫਿੱਕੀ ਦੇ ਇਕ ਅਨੁਮਾਨ ਮੁਤਾਬਕ ਸਾਲ 2012 ਵਿੱਚ ਗੈਰ ਕਾਨੂੰਨੀ ਕਾਰੋਬਾਰ ਨਾਲ ਨੁਕਸਾਨ ਦਾ ਅੰਕੜਾ 6239 ਕਰੋੜ ਰੁਪਏ ਦਾ ਸੀ। ਇਹ ਸਾਲ 2017 ਵਿੱਚ ਵਧਦੇ ਹੋਏ 13,000 ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ। ਅਨੁਮਾਨ ਮੁਤਾਬਕ ਇਸ ਵਿੱਚ ਕਰੀਬ 26 ਫੀਸਦੀ ਦੀ ਕਮੀ ਆਈ ਹੈ। ਉਦਯੋਗ ਦਾ ਮੰਨਣਾ ਹੈ ਕਿ ਜੀ ਐਸ ਟੀ ਵਿੱਚ ਇਕ ਵਾਰ ਫਿਰ ਟੈਕਸ ਦੀਆਂ ਦਰਾਂ ਵਿੱਚ ਭਾਰੀ ਵਾਧੇ ਨਾਲ ਵਿਦੇਸ਼ੀ ਸਿਗਰਟਾਂ ਦੀ ਸਮੱਗਲਿੰਗ ਵਿੱਚ ਤੇਜ਼ੀ ਆ ਰਹੀ ਹੈ।

# ਆਨਰ ਕਿਲਿੰਗ ਦੇ ਦੋਸ਼ੀ ਭਰਾ ਨੂੰ ਫਾਂਸੀ ਦਾ ਹੁਕਮ

ਹਿਸਾਰ, 6 ਦਸੰਬਰ (ਪੋਸਟ ਬਿਊਰੋ)- ਹਰਿਆਣਾ ਵਿੱਚ ਹਿਸਾਰ ਵਿਚਲੀ ਇੱਕ ਅਦਾਲਤ ਨੇ ਪਿਛਲੇ ਸਾਲ ਹੋਏ ਆਨਰ ਕਿਲਿੰਗ ਦੇ ਮਾਮਲੇ ਵਿੱਚ ਭੈਣ ਦੀ ਹੱਤਿਆ ਕਰਨ ਦੇ ਦੋਸ਼ੀ ਨੌਜਵਾਨ ਨੂੰ ਕੱਲ੍ਹ ਫਾਂਸੀ ਦੀ ਸਜ਼ਾ ਸੁਣਾਈ ਹੈ। ਜੁਡੀਸ਼ੀਅਲ ਮੈਜਿਸਟਰੇਟ ਡਾਕਟਰ ਪੰਕਜ ਦੀ ਅਦਾਲਤ ਨੇ 29 ਨਵੰਬਰ ਨੂੰ ਆਪਣੀ ਭੈਣ ਕਿਰਨ ਦੀ ਹੱਤਿਆ ਦਾ ਦੋਸ਼ੀ ਕਰਾਰ ਦਿੱਤਾ ਸੀ। ਇਸ ਮੁਕੱਦਮੇ ਵਿੱਚ ਸਨਾਤਨ ਧਰਮ ਚੈਰੀਟੇਬਲ ਟਰੱਸਟ ਦੇ ਵਕੀਲ ਜਤਿੰ-ਦਰ ਕੁਸ਼ ਨੇ ਫਾਂਸੀ ਦੀ ਸਜ਼ਾ ਦੀ ਮੰਗ ਕੀਤੀ ਸੀ। ਟਰੱਸਟ ਅਤੇ ਜੈ ਭੀਮ ਆਰਮੀ ਟਰੱਸਟ ਦੇ ਚੇਅਰਮੈਨ ਸੰਜੇ ਚੌਹਾਨ ਨੇ ਦੱਸਿਆ ਕਿ ਅੱਠ ਅਗਸਤ 2015 ਨੂੰ ਹਿਸਾਰ ਜ਼ਿਲ੍ਹੇ ਦੇ ਪਿੰਡ ਸੀਸਵਾਲ ਵਾਸੀ ਰੋਹਤਾਸ਼ (ਸੈਣੀ) ਅਤੇ ਪਿੰਡ ਜੁਗਲਾਨ ਵਾਸੀ ਕਿਰਨ (ਜਾਟ) ਨੇ ਉਨ੍ਹਾਂ ਦੇ ਟਰੱਸਟ ਦਫਤਰ ਵਿੱਚ ਪ੍ਰੇਮ ਵਿਆਹ ਕੀਤਾ ਸੀ। ਦੋਵਾਂ ਨੇ ਟਰੱਸਟ ਦੇ ਦਫਤਰ ਦੇ ਰਜਿਸਟਰ ਵਿੱਚ ਆਪਣੀ ਘਰ ਦਿਆਂ ਤੋਂ ਜਾਨ ਦਾ ਖਤਰਾ ਹੋਣ ਦੀ ਗੱਲ ਦਰਜ ਕੀਤੀ ਸੀ। ਵਿਆਹ ਦੇ ਬਾਅਦ ਦੋਵੇਂ ਆਪਣੇ-ਆਪਣੇ ਘਰ ਚਲੇ ਗਏ। ਇਸ ਦੌਰਾਨ ਕਿਰਨ ਦੇ ਘਰ ਦਿਆਂ ਨੂੰ ਉਸ ਦੇ ਪ੍ਰੇਮ ਵਿਆਹ ਦਾ ਪਤਾ ਲੱਗਾ। ਕਿਰਨ ਦੀ ਪਿਛਲੇ ਸਾਲ ਨੌਂ ਫਰਵਰੀ 2017 ਨੂੰ ਹੱਤਿਆ ਕਰ ਦਿੱਤੀ ਗਈ। ਹੱਤਿਆ ਦੇ ਦੋਸ਼ ਵਿੱਚ ਕਿਰਨ ਦੇ ਭਰਾ ਅਸ਼ੋਕ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਨੂੰ ਕੱਲ੍ਹ ਸਜ਼ਾ ਸੁਣਾਈ ਗਈ ਹੈ।

# ਸਲਮਾਨ ਖਾਨ ਸਭ ਤੋਂ ਅਮੀਰ ਫਿਲਮੀ ਕਲਾਕਾਰ

ਨਵੀਂ ਦਿੱਲੀ, 6 ਦਸੰਬਰ (ਪੋਸਟ ਬਿਊਰੋ)- ਬਾਲੀਵੁੱਡ ਸੁਪਰ ਸਟਾਰ ਸਲਮਾਨ ਖਾਨ ਭਾਰਤ ਦੇ ਸਭ ਤੋਂ ਅਮੀਰ ਲੋਕਾਂ ਵਿੱਚ ਮੋਹਰੀ ਹਨ। ਫੋਰਬਸ ਇੰਡੀਆ ਦੀ ਮਸ਼ਹੂਰ ਹਸਤੀਆਂ ਬਾਰੇ ਸੂਚੀ ਮੁਤਾਬਕ ਸਲਮਾਨ ਖਾਨ ਲਗਾਤਾਰ ਤੀਜੇ ਸਾਲ ਪਹਿਲੇ ਸਥਾਨ 'ਤੇ ਹਨ। ਸ਼ਾਹਰੁਖ ਖਾਨ ਦਾ ਨਾਮ ਪਹਿਲੀਆਂ 10 ਹਸਤੀਆਂ ਵਿੱਚੋਂ ਬਾਹਰ ਹੋ ਗਿਆ ਹੈ। ਇਨ੍ਹਾਂ ਹਸਤੀਆਂ ਦੀ ਮਨੋਰੰਜਨ ਨਾਲ ਸਬੰਧਤ ਕਮਾਈ 'ਤੇ ਫੋਰਬਸ ਇੰਡੀਆ ਨੇ 100 ਖਾਸ ਲੋਕਾਂ ਦੀ ਰੈਂਕਿੰਗ ਕੀਤੀ ਹੈ। ਸਲਮਾਨ ਖਾਨ (52) ਦੀ ਕਮਾਈ 253.25 ਕਰੋੜ ਰੁਪਏ ਅੰਕੀ ਗਈ ਹੈ ਜੋ ਉਸ ਦੀਆਂ ਫਿਲਮਾਂ 'ਟਾਈਗਰ ਜ਼ਿੰਦਾ ਹੈ' ਅਤੇ 'ਰੇਸ-3' ਦੀ ਸਫਲਤਾ 'ਤੇ ਨਿਰਭਰ ਹੈ। ਇਸ ਤੋਂ ਇਲਾਵਾ ਉਸ ਨੇ ਕਈ ਉਤਪਾਦਾਂ ਦੀ ਐਡ ਵੀ ਕੀਤੀ ਹੈ। ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਵਿਰਾਟ ਕੋਹਲੀ 289.09 ਕਰੋੜ ਰੁਪਏ ਦੀ ਕੁੱਲ ਕਮਾਈ ਨਾਲ ਦੂਜੇ ਨੰਬਰ 'ਤੇ ਆ ਗਏ ਹਨ। ਉਨ੍ਹਾਂ ਦੀ ਕਮਾਈ 'ਚ ਪਿਛਲੇ ਸਾਲ ਨਾਲੋਂ 116.53 ਫੀਸਦੀ ਵਾਧਾ ਦਰਜ ਹੋਇਆ ਹੈ। ਤੀਜੇ ਨੰਬਰ 'ਤੇ 185 ਕਰੋੜ ਰੁਪਏ ਦੀ ਕਮਾਈ ਨਾਲ ਅਕਸ਼ੈ ਕੁਮਾਰ ਹਨ।










# ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

**ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446,ਅਜੀਤ ਸਿੰਘ ਉਰਨਾ 647-308-0360, ਇੰਦਰਜੀਤ ਸਿੰਘ ਗਿੱਲ 416-918-9459 ਨੂੰ ਸੰਪਰਕ ਕਰੋ ਜੀ।**



## ਪਾਕਿਸਤਾਨ ਵਿੱਚ ਤੰਬਾਕੂ ਤੇ ਸ਼ਰਬਤ ਉੱਤੇ 'ਪਾਪ ਟੈਕਸ' ਲੱਗੇਗਾ

ਇਸਲਾਮਾਬਾਦ, 6 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਸਰਕਾਰ ਜਲਦੀ ਹੀ ਸਿਗਰਟ ਅਤੇ ਖੰਡ ਨਾਲ ਬਣਨ ਵਾਲੀਆਂ ਖਾਣ-ਪੀਣ ਦੀਆਂ ਚੀਜ਼ਾਂ (ਸਾਫਟ ਡ੍ਰਿੰਕ, ਸ਼ਰਬਤ ਆਦਿ) ਉਤੇ ਪਾਪ ਟੈਕਸ ਲਗਾਏਗੀ। ਇਸ ਤੋਂ ਪ੍ਰਾਪਤ ਰਾਸ਼ੀ ਸਿਹਤ 'ਤੇ ਖਰਚ ਹੋਣ ਵਾਲੇ ਬਜਟ ਵਿੱਚ ਸ਼ਾਮਲ ਕੀਤੀ ਜਾਵੇਗੀ। ਇਹ ਜਾਣਕਾਰੀ ਦੇਸ਼ ਦੇ ਸਿਹਤ ਮੰਤਰੀ ਆਮੇਰ ਮਹਿਮੂਦ ਕਿਆਨੀ ਨੇ ਦਿੱਤੀ ਹੈ।

ਜਨ ਸਿਹਤ ਉਤੇ ਇੱਕ ਸੰਮੇਲਨ ਵਿੱਚ ਕਿਆਨੀ ਨੇ ਕਿਹਾ, ਇਮਰਾਨ ਸਰਕਾਰ ਦੇਸ਼ ਦਾ ਸਿਹਤ ਬਜਟ ਜੀ ਡੀ ਪੀ ਦੇ ਪੰਜ ਫੀਸਦੀ ਤੱਕ ਲੈ ਜਾਣਾ ਚਾਹੁੰਦੀ ਹੈ। ਧਨ ਇਕੱਠਾ ਕਰਨ ਲਈ ਕਈ ਢੰਗ ਅਪਣਾਏ ਜਾ ਰਹੇ ਹਨ, ਇੱਕ ਤਰੀਕਾ ਤੰਬਾਕੂ ਉਤਪਾਦਾਂ ਅਤੇ ਸ਼ਰਬਤ 'ਤੇ ਪਾਪ ਟੈਕਸ ਲਾਉਣ ਦਾ ਹੈ। ਆਸ ਹੈ ਕਿ ਇਸ ਤੋਂ ਕਾਫੀ ਰਕਮ ਇਕੱਠੀ ਹੋਵੇਗੀ। ਪਾਕਿਸਤਾਨ ਸਰਕਾਰ ਇਸ ਸਮੇਂ ਜੀ ਡੀ ਪੀ ਦਾ ਸਿਰਫ 0.6 ਫੀਸਦੀ ਸਿਹਤ ਸੇਵਾਵਾਂ 'ਤੇ ਖਰਚਦੀ ਹੈ। ਪਾਕਿਸਤਾਨ ਵਿੱਚ ਪਹਿਲਾਂ ਸਿਹਤ ਦਾ ਨੁਕਸਾਨ ਕਰਨ ਵਾਲੇ ਖੁਰਾਕ ਅਤੇ ਪੀਣ ਵਾਲੇ ਪਦਾਰਥਾਂ 'ਤੇ ਟੈਕਸ ਲਗਾਉਣ ਦੇ ਸੁਝਾਅ ਦਿੱਤੇ ਗਏ, ਪਰ ਲਾਗੂ ਨਹੀਂ ਹੋਏ। ਇਨ੍ਹਾਂ ਸੁਝਾਵਾਂ ਵਿੱਚ ਕਿਹਾ ਗਿਆ ਕਿ ਸਰਕਾਰ ਉਨ੍ਹਾਂ ਪਦਾਰਥਾਂ ਦੀ ਵਿਕਰੀ ਉਤੇ ਸਖਤੀ ਕਰੇ ਜਿਨ੍ਹਾਂ ਦੇ ਕਾਰਨ ਲੋਕਾਂ ਦੀ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ ਅਤੇ ਉਨ੍ਹਾਂ ਤੋਂ ਪੈਦਾ ਰੋਗਾਂ ਦੇ ਇਲਾਜ 'ਤੇ ਸਰਕਾਰ ਨੂੰ ਕਾਫੀ ਵੱਡੀ ਰਕਮ ਖਰਚ ਕਰਨੀ ਪੈਂਦੀ ਹੈ। ਸਿਹਤ ਮੰਤਰਾਲੇ ਦੇ ਡਾਇਰੈਕਟਰ ਜਨਰਲ ਡਾਕਟਰ ਅਸਦ ਹਫੀਜ਼ ਨੇ ਦੱਸਿਆ ਕਿ ਤੰਬਾਕੂ ਤੋਂ ਬਣੀਆਂ ਵਸਤਾਂ ਅਤੇ ਸ਼ਰਬਤ 'ਤੇ ਦੁਨੀਆ ਦੇ ਕਰੀਬ 45 ਦੇਸ਼ਾਂ ਵਿੱਚ ਟੈਕਸ ਲਗਾਇਆ ਗਿਆ ਹੈ। ਪਾਪ ਟੈਕਸ ਦੁਨੀਆ ਵਿੱਚ ਵਿਹਾਰਿਕ ਰੁਝਾਨ ਵਿੱਚ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਮਾਜ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਵਸਤੂਆਂ ਅਤੇ ਖੁਰਾਕ ਪਦਾਰਥਾਂ 'ਤੇ ਲੱਗਦਾ ਹੈ। ਜਿਨ੍ਹਾਂ ਉਤਪਾਦਾਂ 'ਤੇ ਇਹ ਟੈਕਸ ਲੱਗਦਾ ਹੈ ਉਨ੍ਹਾਂ ਵਿੱਚ ਤੰਬਾਕੂ ਉਤਪਾਦ, ਕੈਂਡੀ, ਸਾਫਟ ਡ੍ਰਿੰਕ, ਫਾਸਟ ਫੂਡ, ਕੌਫੀ ਅਤੇ ਖੰਡ ਸ਼ਾਮਲ ਹੈ।

# ਈਰਾਨ ਦੇ ਚਾਬਹਾਰ 'ਚ ਅੱਤਵਾਦੀ ਹਮਲੇ ਕਾਰਨ 3 ਦੀ ਮੌਤ, 19 ਜ਼ਖਮੀ

ਤੇਹਰਾਨ, 6 ਦਸੰਬਰ (ਪੋਸਟ ਬਿਊਰੋ)- ਈਰਾਨ 'ਚ ਪੋਰਟ ਸ਼ਹਿਰ ਚਾਬਹਾਰ ਵਿੱਚ ਪੁਲਿਸ ਕਮਾਂਡ ਪੋਸਟ 'ਤੇ ਹਮਲਾ ਹੋਇਆ ਹੈ, ਜਿਸ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ। ਸਥਾਨਕ ਮੀਡੀਆ ਮੁਤਾਬਕ ਪੁਲਿਸ ਕਮਾਂਡ ਪੋਸਟ 'ਤੇ ਬੰਬ ਨਾਲ ਹਮਲਾ ਹੋਇਆ, ਜਿਸ 'ਚ ਕਾਫ਼ੀ ਲੋਕ ਜ਼ਖ਼ਮੀ ਵੀ ਹੋਏ ਹਨ। ਮੀਡੀਆ ਇਸ ਨੂੰ ਅਤਿਵਾਦੀ ਹਮਲਾ ਕਹਿੰਦਾ ਹੈ। ਈਰਾਨ ਦੀ ਸਮਾਚਾਰ ਏਜੰਸੀ ਦੇ ਮੁਤਾਬਕ ਬੰਬ ਧਮਾਕਾ ਪੁਲਿਸ ਨੂੰ ਟਾਰਗੇਟ ਕਰਦੇ ਹੋਏ ਇਕ ਕਾਰ 'ਚ ਕੀਤਾ ਗਿਆ।


ਪਹਿਲਾਂ ਆਤਮਘਾਤੀ ਹਮਲਾ ਕਾਰ ਨਾਲ ਕੀਤਾ ਗਿਆ।

ਜਾਣਕਾਰ ਸੂਤਰਾਂ ਮੁਤਾਬਕ ਇਹ ਧਮਾਕਾ ਈਰਾਨ ਦੇ ਚਾਬਹਾਰ ਦੇ ਦੱਖਣ ਬੰਦਰਗਾਹ ਵਿੱਚ ਹੋਇਆ ਅਤੇ ਇਹ ਅਤਿਵਾਦੀ ਹਮਲਾ ਸੀ। ਇਸ ਹਮਲੇ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਲਗਭੱਗ 19 ਜਖ਼ਮੀ ਹੋਏ ਹਨ। ਹਾਲੇ ਤੱਕ ਧਮਾਕੇ ਦੀ ਜ਼ਿੰਮੇਵਾਰੀ ਕਿਸੇ ਅਤਿਵਾਦੀ ਸੰਗਠਨ ਨੇ ਨਹੀਂ ਲਈ।

ਵਰਨਣ ਯੋਗ ਹੈ ਕਿ ਚਾਬਹਾਰ ਪੋਰਟ ਨੂੰ ਭਾਰਤ, ਈਰਾਨ ਅਤੇ ਅਫਗਾਨਿਸਤਾਹਨ ਮਿਲ ਕੇ ਵਰਤੋਂ ਕਰਦੇ ਹਨ। ਮਈ 2016 ਵਿੱਚ ਭਾਰਤ, ਈਰਾਨ ਅਤੇ ਅਫਗਾਨਿਸਤਾਨ ਨੇ ਟਰਾਂਜ਼ਿਟ ਅਤੇ ਟਰਾਂਸਪੋਰਟ ਕਾਰਿਡੋਰ ਦੀ ਉਸਾਰੀ ਲਈ ਸਮੱਝੌਤੇ 'ਤੇ ਦਸਤਖਤ ਕੀਤੇ ਸਨ। ਇਸ ਦੇ ਤਹਿਤ ਚਾਬਹਾਰ ਬੰਦਰਗਾਹ ਦੀ ਤਿੰਨੇ ਦੇਸ਼ ਵਰਤੋਂ ਕਰਨਗੇ। ਇਹ ਈਰਾਨ ਵਿਚ ਸਮੁੰਦਰੀ ਟ੍ਰਾਂਸਪੋਰਟ ਦੇ ਖੇਤਰੀ ਕੇਂਦਰ ਦੇ ਰੂਪ 'ਚ ਹੋਵੇਗਾ। ਇਸ ਤੋਂ ਇਲਾਵਾ ਤਿੰਨਾਂ ਦੇਸ਼ਾਂ ਨੂੰ ਅਰਬਾਂ ਡਾਲਰ ਦੇ ਸਮਾਨ ਅਤੇ ਮੁਸਾਫਰਾਂ ਦੀ ਆਵਾਜਾਈ ਹੋ ਸਕੇਗੀ।

ਭਾਰਤ ਈਰਾਨ 'ਚ ਚਾਬਹਾਰ ਪੋਰਟ ਦੇ ਰਾਹੀਂ ਇਸ ਪੂਰੇ ਇਲਾਕੇ 'ਚ ਚੀਨ ਅਤੇ ਪਾਕਿਸਤਾਨ ਦੇ ਖਿਲਾਫ ਇਕ ਮਨੋ ਵਿਗਿਆਨਕ ਬੜ੍ਹਤ ਬਣਾ ਚੁੱਕਾ ਹੈ। ਪਾਕਿਸਤਾਨ ਨੂੰ ਬਾਈਪਾਸ ਕਰਦੇ ਹੋਏ ਚਾਬਹਾਰ ਪੋਰਟ ਪਹੁੰਚਣਾ ਭਾਰਤ ਲਈ ਰਣਨੀਤਕ ਅਤੇ ਰਾਜਨੀਤਕ ਜਿੱਤ ਹੈ। ਮਈ 2016 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਜ਼ਰੀ 'ਚ ਇਹ ਦੁਵੱਲਾ ਸਮਝੌਤਾ ਹੋਇਆ ਸੀ, ਜਿਸ ਵਿੱਚ ਭਾਰਤ ਨੇ ਪਹਿਲੇ ਪੜਾਅ ਦੇ ਵਿਕਾਸ 'ਚ ਕਰੀਬ 85.21 ਮਿਲਿਅਨ ਡਾਲਰ ਨਿਵੇਸ਼ ਕੀਤਾ ਹੈ। ਇਸ ਤੋਂ ਇਲਾਵਾ ਭਾਰਤ ਫੀਸ ਦੇ ਰੂਪ ਵਿਚ ਈਰਾਨ ਨੂੰ ਦਸ ਸਾਲ ਵਿਚ 22.94 ਮਿਲਿਅਨ ਡਾਲਰ ਦੇਵੇਗਾ। ਇੰਨਾ ਹੀ ਨਹੀਂ ਈਰਾਨ ਭਾਰਤ ਨੂੰ ਚਾਬਹਾਰ ਪੋਰਟ ਦਾ ਮੈਨੇਜਮੈਂਟ ਵੀ ਦੇਣ ਨੂੰ ਰਾਜ਼ੀ ਹੋ ਗਿਆ ਹੈ।

## ਪਾਕਿ ਕੋਲੋਂ ਆਜ਼ਾਦੀ ਲਈ ਬਾਲਤਿਸਤਾਨ 'ਚ ਸਥਾਨਕ ਲੋਕਾਂ ਵੱਲੋਂ ਪ੍ਰਦਰਸ਼ਨ



ਇਸਲਾਮਾਬਾਦ, 6 ਦਸੰਬਰ (ਪੋਸਟ ਬਿਊਰੋ)- ਗਿਲਗਿਤ ਬਾਲਤਿਸਤਾਨ ਦੇ ਹੁੰਜਾ ਇਲਾਕੇ ਵਿੱਚ ਕੱਲ੍ਹ ਭਾਰੀ ਗਿਣਤੀ ਵਿੱਚ ਲੋਕਾਂ ਨੇ ਮੁੱਢਲੇ ਅਤੇ ਸੰਵਿਧਾਨਕ ਅਧਿਕਾਰਾਂ ਦੀ ਮੰਗ ਲਈ ਪ੍ਰਦਰਸ਼ਨ ਕੀਤਾ। ਇਸ ਦੌਰਾਨ ਵੱਡੀ ਗਿਣਤੀ ਵਿੱਚ ਲੋਕ ਸੜਕਾਂ 'ਤੇ ਉਤਰੇ ਤੇ ਸਰਕਾਰ ਖਿਲਾਫ ਰੈਲੀ ਕੱਢੀ ਤੇ ਨਾਅਰੇਬਾਜ਼ੀ ਕੀਤੀ। ਇਨ੍ਹਾਂ ਲੋਕਾਂ ਨੇ ਪਾਕਿਸਤਾਨ ਸਰਕਾਰ ਤੋਂ ਆਪਣੇ ਹੱਕਾਂ ਅਤੇ ਆਜ਼ਾਦੀ ਦੀ ਮੰਗ ਕੀਤੀ।

ਵਰਨਣ ਯੋਗ ਹੈ ਕਿ ਭਾਰਤ ਪਾਕਿ-ਸਤਾਨ ਵਿਚਾਲੇ ਸਿਰਫ ਜੰਮੂ ਕਸ਼ਮੀਰ ਦਾ ਜ਼ਮੀਨੀ-ਭਾਗ ਨਹੀਂ, ਗਿਲਗਿਤ ਬਾਲਤਿਸਤਾਨ ਦਾ ਮੁੱਦਾ ਵੀ ਕਾਫੀ ਸੰਵੇਦਨਸ਼ੀਲ ਹੈ। ਦੋਵੇਂ ਦੇਸ਼ ਗਿਲਗਿਤ ਬਾਲਤਿਸਤਾਨ ਨੂੰ ਆਪਣਾ ਹਿੱਸਾ ਦੱਸਦੇ ਹਨ, ਹਾਲਾਂਕਿ ਜਦੋਂ ਵੀ ਇਸ ਖੇਤਰ ਵਿੱਚ ਪ੍ਰਦਰਸ਼ਨ ਹੁੰਦਾ ਹੈ ਤਾਂ ਲੋਕ ਪਾਕਿਸਤਾਨ ਦੇ ਖਿਲਾਫ ਹੀ ਨਾਅਰੇਬਾਜ਼ੀ ਕਰਦੇ ਹਨ। ਅਪ੍ਰੈਲ 1949 ਤੱਕ ਗਿਲਗਿਤ ਬਾਲਤਿਸਤਾਨ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦਾ ਹਿੱਸਾ ਮੰਨਿਆ ਜਾਂਦਾ ਸੀ, ਪਰ 28 ਅਪ੍ਰੈਲ 1949 ਨੂੰ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੀ ਸਰਕਾਰ ਤੇ ਪਾਕਿ ਦਾ ਸਮਝੌਤਾ ਹੋਇਆ, ਜਿਸ ਨਾਲ ਗਿਲਗਿਤ ਬਾਲਤਿਸਤਾਨ ਦੇ ਮਾਮਲਿਆਂ ਨੂੰ ਸਿੱਧੇ ਕੇਂਦਰ ਸਰਕਾਰ ਹਵਾਲੇ ਕਰ ਦਿੱਤਾ ਗਿਆ, ਜਦੋਂ ਕਿ ਇਸ ਸਮਝੌਤੇ 'ਚ ਇਸ ਇਲਾਕੇ ਦੇ ਕੋਈ ਵੀ ਨੇਤਾ ਸ਼ਾਮਲ ਨਹੀਂ ਸੀ।

# ਦੋ ਅਮਰੀਕੀ ਫ਼ੌਜੀ ਜਹਾਜ਼ ਟਕਰਾ ਗਏ, ਪੰਜ ਨੇਵੀ ਫੌਜੀ ਲਾਪਤਾ

ਟੋਕੀਓ, 6 ਦਸੰਬਰ (ਪੋਸਟ ਬਿਊਰੋ)- ਜਾਪਾਨ ਦੇ ਸਮੁੰਦਰੀ ਤੱਟ 'ਤੇ ਵੀਰਵਾਰ ਸਵੇਰੇ ਦੋ ਅਮਰੀਕੀ ਫ਼ੌਜੀ ਜਹਾਜ਼ਾਂ 'ਚ ਟੱਕਰ ਹੋ ਗਈ। ਹਵਾ ਤੋਂ ਹਵਾ 'ਚ ਫਿਊਲ ਭਰਨ ਦੀ ਪ੍ਰਕਿਰਿਆ ਵੇਲੇ ਇਹ ਹਾਦਸਾ ਹੋਇਆ। ਦੋਵਾਂ ਜਹਾਜ਼ਾਂ ਨੇ ਜਾਪਾਨ ਦੇ ਇਵਾਕੁਨੀ ਸਥਿਤ ਮਰੀਨ ਕਾਰਪਸ ਏਅਰ ਸਟੇਸ਼ਨ ਤੋਂ ਉਡਾਣ ਭਰੀ ਸੀ। ਜਾਪਾਨ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਟੱਕਰ ਐਫ ਏ-18 ਅਤੇ ਕੇ ਸੀ-130 ਹਰਕਿਊਲਿਸ ਜਹਾਜ਼ਾਂ ਵਿਚ ਹੋਈ। ਦੋਵਾਂ ਜਹਾਜ਼ਾਂ 'ਚ ਕੁਲ ਸੱਤ ਨੇਵੀ ਫੌਜੀ ਸਵਾਰ ਸਨ। ਇਨ੍ਹਾਂ ਵਿੱਚੋਂ ਦੋ ਜਣਿਆਂ ਨੂੰ ਬਚਾ ਲਿਆ ਹੈ ਤੇ ਹੋਰ ਪੰਜ ਦੀ ਭਾਲ ਲਈ ਮੁਹਿੰਮ ਚੱਲ ਰਹੀ ਹੈ। ਜਾਪਾਨ ਦੇ ਰੱਖਿਆ ਮੰਤਰੀ ਤਾਕੇਸ਼ੀ ਇਵਾਯਾ ਨੇ ਕਿਹਾ ਕਿ ਸਾਡਾ ਧਿਆਨ ਤਲਾਸ਼ ਅਤੇ ਬਚਾਅ ਮੁਹਿੰਮ ਉਤੇ ਹੈ। ਘਟਨਾ ਦੀ ਪੂਰੀ



ਜਾਣਕਾਰੀ ਮਿਲਣ ਦੇ ਬਾਅਦ ਹੀ ਜਾਪਾਨ ਇਸ ਉਤੇ ਕੋਈ ਟਿੱਪਣੀ ਕਰੇਗਾ। ਅਮਰੀਕੀ ਰਾਜਦੂਤ ਵਿਲੀਅਮ ਹੇਗਰਟੀ ਨੇ ਬਚਾਅ ਕਾਰਜਾਂ 'ਤੇ ਤੱਤਪਰਤਾ ਲਈ ਜਾਪਾਨੀ ਫ਼ੌਜ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਹਾਦਸਾ ਹਵਾ ਤੋਂ ਹਵਾ 'ਚ ਤੇਲ ਭਰਨ ਦੀ ਇਕ ਨਿਯਮਿਤ ਪ੍ਰਕਿਰਿਆ ਦੌਰਾਨ ਹੋਇਆ।

ਬੀਤੇ ਕੁਝ ਸਾਲਾਂ ਵਿੱਚ ਅਮਰੀਕਾ ਦੇ ਹਵਾਈ ਹਾਦਸੇ ਤੇਜ਼ੀ ਨਾਲ ਵਧੇ ਹਨ। 'ਦ ਮਿਲਟਰੀ ਟਾਈਮਜ਼' ਮੁਤਾਬਕ 2013 ਤੋਂ 2017 ਤਕ ਹਵਾਈ ਹਾਦਸਿਆਂ 'ਚ 40 ਫ਼ੀਸਦੀ ਵਾਧਾ ਹੋ ਗਿਆ। ਇਨ੍ਹਾਂ ਵਿੱਚ ਘੱਟੋ ਘੱਟ 133 ਫ਼ੌਜੀਆਂ ਦੀ ਜਾਨ ਗਈ ਹੈ। ਕਈ ਅਮਰੀਕੀ ਪਾਰਲੀਮੈਂਟ ਮੈਂਬਰਾਂ ਦਾ ਕਹਿਣਾ ਹੈ ਕਿ ਫ਼ੌਜੀ ਮੁਹਿੰਮਾਂ ਦੀ ਅਧਿਕਤਾ ਤੇ ਆਧੁਨਿਕੀਕਰਨ 'ਤੇ ਧਿਆਨ ਨਾ ਦਿੱਤੇ ਜਾਣ ਕਾਰਨ ਹਾਦਸੇ ਹੋ ਰਹੇ ਹਨ। ਜਾਪਾਨ 'ਚ ਵੀ ਅਮਰੀਕੀ ਫ਼ੌਜੀ ਹਾਦਸੇ ਚਿੰਤਾ ਦਾ ਕਾਰਨ ਬਣੇ ਹੋਏ ਹਨ, ਖ਼ਾਸ ਤੌਰ 'ਤੇ ਦੱਖਣੀ ਸੂਬੇ ਓਕੀਨਾਵਾ ਦੇ ਲੋਕਾਂ 'ਚ।

## ਟਰਾਂਸਪਲਾਂਟ ਕੀਤੀ ਮ੍ਰਿਤਕ ਦੀ ਬੱਚੇਦਾਨੀ ਨਾਲ ਦੂਸਰੀ ਵੱਲੋਂ ਬੱਚੇ ਦਾ ਜਨਮ

ਪੈਰਿਸ, 6 ਦਸੰਬਰ (ਪੋਸਟ ਬਿਊਰੋ)- ਬ੍ਰਾਜ਼ੀਲ 'ਚ ਇਕ ਮ੍ਰਿਤਕ ਔਰਤ ਤੋਂ ਟਰਾਂਸਪਲਾਂਟ ਕਰਕੇ ਲਾਈ ਗਈ ਬੱਚੇਦਾਨੀ ਨਾਲ ਇਕ ਔਰਤ ਨੇ ਸਿਹਤਮੰਦ ਬੱਚੇ ਨੂੰ ਜਨਮ ਦਿੱਤਾ ਹੈ। ਇਹ ਦੁਨੀਆ ਵਿੱਚ ਆਪਣੀ ਤਰ੍ਹਾਂ ਦਾ ਪਹਿਲਾ ਕੇਸ ਹੈ।

ਮੈਡੀਕਲ ਜਰਨਲ 'ਦ ਲੈਂਸੇਟ' ਵਿੱਚ ਛਪੀ ਰਿਪੋਰਟ ਵਿੱਚ ਇਹ ਗੱਲ ਪਤਾ ਲੱਗੀ ਹੈ। ਇਸ ਤੋਂ ਪਹਿਲਾਂ ਬੱਚੇਦਾਨੀ ਦੇ ਟਰਾਂਸਪਲਾਂਟ ਵਿੱਚ ਹਮੇਸ਼ਾ ਜੀਵਤ ਦਾਨ-ਦਾਤਾ ਦਾ ਗਰਭ ਲਿਆ ਜਾਂਦਾ ਸੀ। ਰਿਪੋਰਟ ਮੁਤਾਬਕ ਬ੍ਰਾਜ਼ੀਲ ਦੇ ਸਾਓ ਪਾਓਲੋ ਵਿੱਚ ਸਤੰਬਰ 2016 ਵਿੱਚ ਇਸ ਟਰਾਂਸਪਲਾਂਟ ਕੀਤਾ ਗਿਆ ਸੀ। ਟਰਾਂਸਪਲਾਂਟ ਤੋਂ ਬਾਅਦ ਦਸੰਬਰ 2017 ਵਿੱਚ ਔਰਤ ਨੇ ਇਕ ਸਿਹਤਮੰਦ ਬੱਚੇ ਨੂੰ ਜਨਮ ਦਿੱਤਾ। ਮ੍ਰਿਤਕ ਮਹਿਲਾ ਤੋਂ ਬੱਚੇਦਾਨੀ ਦੇ ਟਰਾਂਸਪਲਾਂਟ ਲਈ ਇਸ ਤੋਂ ਪਹਿਲਾਂ ਵੀ ਅਮਰੀਕਾ, ਚੈਕ ਗਣਰਾਜ ਅਤੇ ਤੁਰਕੀ ਵਿੱਚ 10 ਅਸਫਲ ਕੋਸ਼ਿਸ਼ਾਂ ਕੀਤੀਆਂ ਜਾ ਚੁੱਕੀਆਂ ਹਨ।

ਬ੍ਰਾਜ਼ੀਲ ਦੀ 32 ਸਾਲਾ ਔਰਤ ਵਿੱਚ ਦੁਰਲੱਭ ਸਿੰਡ੍ਰਾਮ ਕਾਰਨ ਜਨਮ ਦੇ ਸਮੇਂ ਤੋਂ ਬੱਚੇਦਾਨੀ ਨਹੀਂ ਸੀ। ਉਸ ਨੂੰ 45 ਸਾਲਾਂ ਦੀ ਇਕ ਅਜਿਹੀ ਔਰਤ ਦੀ ਬੱਚੇਦਾਨੀ ਟਰਾਂਸਪਲਾਂਟ ਕੀਤੀ ਗਈ, ਜਿਸ ਦੀ ਸਟ੍ਰੋਕ ਨਾਲ ਮੌਤ ਹੋ ਗਈ ਸੀ। 10 ਘੰਟੇ ਚੱਲੇ ਆਪ੍ਰੇਸ਼ਨ ਤੋਂ ਬਾਅਦ ਡਾਕਟਰਾਂ ਨੂੰ ਇਸ ਟਰਾਂਸਪਲਾਂਟ ਵਿੱਚ ਸਫਲਤਾ ਮਿਲੀ ਸੀ। ਸਰੀਰ ਨਵੇਂ ਅੰਗ ਨੂੰ ਸਵੀਕਾਰ ਕਰ ਸਕੇ, ਇਸ ਲਈ ਔਰਤ ਨੂੰ ਕੁਝ ਵਿਸ਼ੇਸ਼ ਦਵਾਈਆਂ ਦਿੱਤੀਆਂ ਗਈਆਂ। ਡਾਕਟਰਾਂ ਨੇ ਦੱਸਿਆ ਕਿ ਗਰਭ ਅਵਸਥਾ ਦੌਰਾਨ 32ਵੇਂ ਹਫਤੇ ਵਿੱਚ ਗੁਰਦਿਆਂ 'ਚ ਥੋੜ੍ਹੀ ਸਮੱਸਿਆ ਆਈ ਸੀ। ਕਰੀਬ 36 ਹਫਤੇ ਬਾਅਦ ਔਰਤ ਨੇ 2.5 ਕਿਲੋਗ੍ਰਾਮ ਦੀ ਸਿਹਤਮੰਦ ਬੱਚੀ ਨੂੰ ਆਪ੍ਰੇਸ਼ਨ ਜ਼ਰੀਏ ਜਨਮ ਦਿੱਤਾ।

## ਫਰਾਂਸ 'ਚ ਕਿਸਾਨ ਵੀ ਸਰਕਾਰ ਦੇ ਖਿਲਾਫ ਪ੍ਰਦਰਸ਼ਨ ਕਰਨਗੇ

ਪੈਰਿਸ, 6 ਦਸੰਬਰ (ਪੋਸਟ ਬਿਊਰੋ)- ਬੀਤੇ ਕਈ ਦਹਾਕਿਆਂ ਤੋਂ ਫਰਾਂਸ ਨੇ ਸ਼ਾਇਦ ਹੀ ਅਜਿਹੀ ਕ੍ਰਾਂਤੀ ਦੇਖੀ ਹੋਵੇਗੀ ਜੋ ਇਸ ਵਾਰ ਹੋ ਰਹੀ ਹੈ। ਇਸ ਯੂਰਪੀ ਦੇਸ਼ ਵਿੱਚ ਮਹਿੰਗਾਈ ਅਤੇ ਅਮੀਰਾਂ ਨੂੰ ਟੈਕਸ 'ਚ ਛੋਟ ਦਿੱਤੇ ਜਾਣ ਦੇ ਫੈਸਲੇ ਖਿਲਾਫ ਕਿਸਾਨ ਤੇ ਟਰੇਡ ਯੂਨੀਅਨ ਵਾਲੇ ਵੀ ਅੰਦੋਲਨ ਦੇ ਸਮਰਥਨ 'ਚ ਉੱਤਰ ਆਏ ਹਨ। ਕਿਸਾਨਾਂ ਨੇ ਰਾਸ਼ਟਰਪਤੀ ਇਮੈਨੂਅਲ ਮੈਕਰਾਂ ਦੇ ਖਿਲਾਫ ਜਾਰੀ ਪ੍ਰਦਰਸ਼ਨਾਂ 'ਚ ਉਤਰਨ ਦਾ ਫੈਸਲਾ ਲਿਆ ਹੈ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਪ੍ਰਦਰਸ਼ਨਕਾਰੀਆਂ ਅੱਗੇ ਸਰਕਾਰ ਝੁਕ ਗਈ ਸੀ, ਜਿਹੜੇ ਪੈਟ੍ਰੋਲੀਅਮ ਦੀਆਂ ਵਧੀਆਂ ਕੀਮਤਾਂ ਦੇ ਖਿਲਾਫ ਪ੍ਰਦਰਸ਼ਨ ਕਰ ਰਹੇ ਸਨ। ਇਸ ਤੋਂ ਪਹਿਲਾਂ ਫਰਾਂਸ ਸਰਕਾਰ ਵਲੋਂ ਮੰਗਲਵਾਰ ਨੂੰ ਕੀਤੀਆਂ ਗਈਆਂ ਰਿਆਇਤਾਂ ਦੇ ਐਲਾਨ ਨੂੰ ਅੰਦੋਲਨਕਾਰੀਆਂ ਨੇ ਰੱਦ ਕਰ ਦਿੱਤਾ ਹੈ। ਫਰਾਂਸ ਵਿੱਚ ਚੱਲ ਰਿਹਾ 'ਯੈਲੋ ਵੈਸਟ' ਅੰਦੋਲਨ ਫਿਊਲ ਟੈਕਸ ਵਿੱਚ ਵਾਧਾ ਕਰਨ ਦੇ ਵਿਰੋਧ ਵਿੱਚ ਸ਼ੁਰੂ ਹੋਇਆ ਸੀ। ਇਸ ਵਿਰੋਧ ਦੇ ਬਾਅਦ ਪ੍ਰਧਾਨ ਮੰਤਰੀ ਐਡਵਰਡ ਫਿਲਪ ਨੇ ਟੈਕਸ 'ਚ ਵਾਧੇ ਦੇ ਪਲਾਨ ਨੂੰ 3 ਹਫਤਿਆਂ ਲਈ ਟਾਲ ਦਿੱਤਾ ਸੀ, ਪਰ ਪ੍ਰਦਰਸ਼ਨਕਾਰੀ ਹੋਰ ਵਾਧੂ ਸਮੇਂ ਦੀ ਮੰਗ ਕਰ ਰਹੇ ਹਨ। ਵਿਦਿਆਰਥੀਆਂ 'ਚ ਵੀ ਗੁੱਸਾ ਹੈ। ਉਨ੍ਹਾਂ ਨੇ ਨਵੇਂ ਯੂਨੀਵਰਸਿਟੀ ਐਪਲੀਕੇਸ਼ਨ ਸਿਸਟਮ ਦੇ ਵਿਰੋਧ 'ਚ ਹਾਈ ਸਕੂਲਜ਼ ਦੇ ਬਾਹਰ ਕਈ ਥਾਵਾਂ 'ਤੇ ਚੀਜ਼ਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਲਘੂ ਉਦਯੋਗ ਕਰਨ ਵਾਲੇ ਲੋਕਾਂ ਨੇ ਵੀ ਟੈਕਸਾਂ 'ਚ ਵਾਧੇ ਵਿਰੁੱਧ ਸੜਕਾਂ ਜਾਮ ਕੀਤੀਆਂ। ਇਸ ਦੇ ਇਲਾਵਾ ਪੈਂਸ਼ਨਰਜ਼ ਵੀ ਰਾਸ਼ਟਰਪਤੀ ਦੇ ਖਿਲਾਫ ਉਤਰ ਆਏ ਹਨ।

# ਬ੍ਰਿਟੇਨ ਵਿੱਚ ਭਾਰਤੀ ਔਰਤ ਦਾ ਕਤਲ ਪਤੀ ਗ੍ਰਿਫਤਾਰ

ਲੰਡਨ, 6 ਦਸੰਬਰ (ਪੋਸਟ ਬਿਊਰੋ)- ਉੱਤਰੀ ਇੰਗਲੈਂਡ ਦੇ ਮਿਡਿਲਸਬੋਰੋ 'ਚ ਭਾਰਤੀ ਵਿਅਕਤੀ ਨੇ ਆਪਣੀ ਭਾਰਤੀ ਪਤਨੀ ਜੈਸਿਕਾ ਦਾ ਕਤਲ ਕਰ ਦਿੱਤਾ ਸੀ। ਮਈ 2018 ਨੂੰ ਜੈਸਿਕਾ ਦੀ ਲਾਸ਼ ਉਸ ਦੇ ਘਰ 'ਚੋਂ ਮਿਲੀ ਸੀ। ਅਦਾਲਤ ਨੇ 34 ਸਾਲਾ ਜੈਸਿਕਾ ਦੇ ਪਤੀ ਮਿਤੇਸ਼ ਪਟੇਲ ਨੂੰ ਉਸ ਦੇ ਕਤਲ ਦਾ ਦੋਸ਼ੀ ਠਹਿਰਾਇਆ ਹੈ। ਵਰਨਣ ਯੋਗ ਹੈ ਕਿ ਪਹਿਲਾਂ ਤਾਂ ਮਿਤੇਸ਼ ਪਟੇਲ (37) ਨੇ ਪਤਨੀ ਜੈਸਿਕਾ ਦਾ ਕਤਲ ਕਰਨ ਦੇ ਦੋਸ਼ ਤੋਂ ਇਨਕਾਰ ਕੀਤਾ ਸੀ, ਪਰ ਪਿੱਛੋਂ ਸਬੂਤਾਂ ਕਾਰਨ ਸੱਚਾਈ ਸਾਹਮਣੇ ਆ ਗਈ। ਪਤਾ ਲੱਗਾ ਹੈ ਕਿ ਮਿਤੇਸ਼ ਨੇ ਆਪਣੇ ਪ੍ਰੇਮੀ ਡਾਕਟਰ ਅਮਿਤ ਪਟੇਲ ਨਾਲ ਆਸਟਰੇਲੀਆ ਸ਼ਿਫਟ ਹੋਣ ਦੀ ਯੋਜਨਾ ਬਣਾਈ ਸੀ। ਅਦਾਲਤ ਨੇ ਦੱਸਿਆ ਕਿ ਉਸ ਨੇ ਆਪਣੀ ਪਤਨੀ ਦਾ ਕਤਲ ਕਰਨ ਲਈ ਇੰਟਰਨੈੱਟ 'ਤੇ ਜਾਣਕਾਰੀ ਹਾਸਲ ਕੀਤੀ ਸੀ। ਪਟੇਲ ਖਿਲਾਫ ਤੀਸਾਇੰਡ ਕਰਾਊਨ ਕੋਰਟ 'ਚ ਪਿਛਲੇ ਹਫਤੇ ਮੁਕ-ਦਮਾ ਸ਼ੁਰੂ ਹੋਇਆ। ਸੁਣਵਾਈ ਦੌਰਾਨ ਵਕੀਲ ਨੇ ਸਬੂਤ ਪੇਸ਼ ਕਰਦਿਆਂ ਦੱਸਿਆ ਕਿ ਮਿਤੇਸ਼ ਨੇ ਆਪਣੀ ਪਤਨੀ ਦੇ ਹੱਥ ਬੰਨ੍ਹ ਕੇ ਉਸ ਨੂੰ ਇੰਸੁਲਿਨ ਦਾ ਟੀਕਾ ਲਗਾਉਣ ਮਗਰੋਂ ਪਲਾਸਟਿਕ ਬੈਗ ਦੀ ਮਦਦ ਨਾਲ ਉਸ ਦਾ ਕਤਲ ਕੀਤਾ।


A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੇਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





Honesty, Reliability, Commitment

HomeLife SilverCity

"Open House Until Sold"

- 1 yr Home Warranty
- Furniture & Home Appliances
- Get 40% Discount on Brand Name
- Free Evaluation & Lowest Commission

Hira Randhawa
Broker

www.hirarandhawa.com | hirarandhawa@yahoo.ca

For all your Needs Call: 416.319.0551 or 905.913.8585

SAVE SAVE SAVE ....$$$$$$

Super Visa Insurance
On affordable rates, pay in installments, full refund on early cancellation.

RESP
Act immediately to get 15% Extra govt. grant of Year 2018

Visitor/Travel/Life/ Disability/Funeral Insurance








BEST TRUCK REPAIR & TIRE CENTRE

We also Specialize in Engine, Transmission, Differential Rebuild, Safety Inspection & All Kinds of Electric Work

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ

7 ਦਿਨ ਖੁੱਲਾ

SPECIAL ON TRUCK ALIGNMENT

BRAND NEW MACHINES 2018

Brake & Drum - On Special Sale! Made in U.S

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

Winter Sale Dhamaka

Chevron Delo
Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

ਮੌੜ ਬੰਬ ਕਾਂਡ:

# 'ਡੇਰਾ ਪ੍ਰੇਮੀਆਂ' ਦੀ ਭਾਲ ਲਈ ਆਈ ਬੀ ਦੀ ਮਦਦ ਲੈਂਦੀ ਪਈ ਹੈ ਪੰਜਾਬ ਪੁਲਸ



